ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

## ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥

# ਗੁਰਪ੍ਰਸਾਦਿ ਮਹਾਂ ਵਿਸਮਾਦ ਸਵਈਏ ਮਹਲੇ ਪਹਿਲੇ ਕੇ ਅਰਥ ਸਟੀਕ ਜੀ।



ਹੇ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ! ਆਪ ਜੀ ਨੇ ਪਰਮਪਿਵੱਤ੍ਰ ਪੰਜਵੇਂ ਜਾਮੇ ਅੰਦਰ, ਜੇਠ ਦੀ ਅਤੀ ਹੀ ਸਖ਼ਤ ਗਰਮੀ'ਚ, ਜ਼ਾਲਮਾਂ ਦੇ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਨ ਤੋਂ ਆਪ ਜੀ ਨੂੰ ਹੁਣ ਉੱਬਲਦੀ ਦੇਗ਼ 'ਚ ਬੈਠਾ ਰਹੇ ਹਨ। ਹੁਣ ਮੱਚਦੇ ਮੱਚਦੇ ਰੇਤੇ 'ਤੇ ਬੈਠਾ ਕੇ, ਮੱਚਦਾ ਮੱਚਦਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ 'ਤੇ ਹੁਣ ਪਾ ਰਹੇ ਹਨ, ਹੁਣ ਆਪ ਜੀ ਨੂੰ ਮੱਚਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਅਕਿਹ ਤੇ ਅਸਿਹ ਕਸ਼ਟ ਸਹਾਰ ਕੇ, ਭਾਣਾ ਮੰਨਣ, ਗੁਰੂ ਹਿਤ ਕੁਰਬਾਨੀ ਕਰਨ ਦਾ ਪਰਮ ਉੱਚਾ ਸੁਚਾ ਖ਼ੂਬ ਸੱਚਾ ਸਬਕ ਸਿਖਾਅ ਕੇ, ਗੁਰੂ ਪ੍ਰੇਮਾ-ਭਗਤੀ ਸਿਹਤ ਨਿਰਗੁਨ ਸਰਗੁਨ ਦੀ ਏਕਤਾ ਬਖ਼ਸ਼ੀ ਹੈ। ਆਪ ਜੀ ਨੇ ਸੰਤ ਦੋਖੀ ਮਹਾਨ ਪਾਪੀ ਨੀਚ ਸੇ ਨੀਚ ਅਿਤ ਨੀਚ ਚੰਦੂ ਦੇ ਘਰੇ, ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰੀ, ਅੰਮ੍ਰਿਤ ਗੁਰਬਾਣੀ ਨਿਰੋਲ ਸ਼ੁੱਧ ਰੱਖਣ ਹਿਤ, ਧਰਮ ਦੇ ਪ੍ਰਕਾਸ਼, ਜ਼ੁਲਮ ਨਾਸ਼ ਲਈ, ਬੜੀ ਭਾਰੀ ਸੱਚੀ ਸੁੱਚੀ ਉੱਚੀ ਕੁਰਬਾਨੀ ਦੇ ਕੇ, ਸਦਾ ਲਈ ਪੂਰਨ ਧਰਮੀ ਸੱਚੀਆਂ ਕੁਰਬਾਨੀਆਂ ਦਾ ਪਰਮਪਿਵੱਤ੍ਰ ਸ਼ੁਭ ਸੱਚਾ ਸੁੱਚਾ ਉੱਚਾ ਪਿਆਰਾ ਧਰਮੀ ਬੀਜ ਬੀਜਿਆ ਹੈ। ਸਤਿਗੁਰ ਅਪਨੇ ਕਉ ਬਲਿ ਜਾਈ; ਜਿਨ ਪੈਜ ਰਖੀ ਸਾਰੈ ਸੰਸਾਰਿ॥ ਅਨੁਸਾਰ ਸੰਸਾਰ ਭਰ 'ਚ ਧਰਮ ਹਿਤ ਕੁਰਬਾਨੀ ਦੀ ਲਿਹਰ ਚਲਾ ਦਿਤੀ, ਜੋ ਸਦਾ ਲਈ ਚੱਲਦੀ ਹੀ ਰਹੇਗੀ।

DOWNLOAD **LEARN SHUDH GURBANI** APP
@gursevaksevadar | www.gursevak.com | hello@gursevak.com



**ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖੵ ਹਰਿ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, **ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥** ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



**ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ; ਪਰੁ.ਸਿਰਰੁ ਨ ਦੀਆ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ ਦਾਇਰੇ ਤਿੱਖੇ ਤੀਰਾਂ ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਗਾਰਮਈ ਭੋਗ ਦੇ ਸਲੋਕ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ 'ਤੇ ਸਜ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਪਿਆਰੇ ਸੱਚੇ **ਬਹੁ ਬੇਅੰਤ; ਊਚ ਤੇ ਊਚਾ॥** ਸੱਚੇ ਕੰਤ ਸੱਚੇ ਭਗਵੰਤ ਪੂਰਨ ਗੁਰਦੇਵ ਦੀਨ ਦਇਆਲ ਸਦਾ ਕ੍ਰਿਪਾ, ਸਦ ਮੇਹਰਵਾਨ, ਸੱਚੇ ਗੁਰਬਾਣੀ ਨਾਮ ਦੇ ਸੱਚੇ ਦਾਤੇ ਵਾਹਿਗੁਰੂ ਸਾਹਿਬ ਜੀ ਹਨ! ਹੁਣ ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ ਲਈ, ਅਪਣੀ ਆਪ ਦੀ ਕੁਰਬਾਨੀ, **ਗੁਰਦੇਵ ਮਾਤਾ. ਗੁਰਦੇਵ ਪਿਤਾ;** ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ, ਪਰਮਪੂਜਨੀਕ ਗੁਰਮੁਖਿ ਮਾਤਾ ਗੂਜਰੀ ਕੌਰ ਜੀ, ਚਾਰੇ ਸ਼ਾਹਿਬਜ਼ਾਦੇ, ਸਿੰਘ ਸਿੰਘਣੀਆਂ, ਫ਼ੌਜਾਂ, ਖ਼ਜ਼ਾਨੇ ਸਭ ਕੁੱਝ ਕੁਰਬਾਨ ਕਰ ਰਹੇ ਹਨ। ਹੁਣ ਮਾਛੀਵਾੜੇ ਜੰਗਲ ’ਚ ਗੁਰਮੁਖਿ ਨਿਰਲੇਪ ਮਹਾਂ ਵਿਸਮਾਦ ਅਵਸਾਦ ’ਚ ਟਿੰਡ ਦਾ ਸਿਰਾਣਾ ਲਾ ਕੇ ਹੁਣ ਜਪ ਰਹੇ ਹਨ:- **ਖਿਆਲ ਪਾਤਿਸਾਹੀ ੧੦॥ ਮਿਤ੍ਰ ਪਿਆਰੇ ਨੂੰ; ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ. ਰੋਗੁ ਰਜਾਈਆ ਦਾ ਓਢਣ; ਨਾਗ ਨਿਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗ ਕਸਾਈਆ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ; ਭੱਠ ਖੇੜਿਆ ਦਾ ਰਹਣਾ॥੧॥੬॥**



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਦਸ ਸਤਿਗੁਰੂ ਸਾਹਿਬ-ਾਨ ਜੀ ਅਤੇ ਦਸਾਂ ਸਤਿਗੁਰਾਂ ਦੀ ਜਾਗਦੀ ਜੋਤਿ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਜੁੱਗੋ ਜੁੱਗ ਅਟਲ ਗੁਰਤਾ ਬਿਰਾਜਮਾਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ। ਕੋਟਾਨ ਕੋਟ ਨਮਸਕਾਰ!



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਗੁਰਮੁਖਿ ਸਨਮੁਖ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ! ਹੁਣ ਆਪਣਾ ਸੀਸ ਤਲੀ 'ਤੇ ਰੱਖ ਕੇ, ਮੱਚਦੇ ਧਰਮ ਯੁੱਧ 'ਚ, ਸ੍ਰੀ ਹਰਿਮੰਦਰ ਸਾਹਿਬ ਜੀ 'ਤੇ ਚੜ੍ਹ ਕੇ ਆਏ ਜ਼ਾਲਮਾਂ ਦੇ ਹੁਣ ਡੱਕਰੇ ਡੱਕਰ ਕਰ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਪਰਮ ਸ਼ਹੀਦ ਧੰਨ ਬਾਬਾ ਜੀਵਨ ਸਿੰਘ ਸਾਹਿਬ ਜੀ ਭਾਈ ਜੈਤਾ ਜੀ! ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪਵਿੱਤ੍ਰ ਨਿਰੰਕਾਰੀ ਸੀਸ ਨੂੰ, ਅਪਣੇ ਸੀਸ 'ਤੇ ਸਜਾ ਕੇ, ਦਿੱਲੀਓਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ, ਹੁਣ ਲਿਜਾ ਰਹੇ ਹਨ, ਸ੍ਰੀ ਅਨੰਦਪੁਰ ਸਾਹਿਬ ਜੀ ਤਿਆਗਣ ਮਗਰੋਂ, ਸਰਸਾ ਨਦੀ ਨੇੜੇ, ਜ਼ਾਲਮਾਂ ਦਾ ਪੁਰਜਾ ਪੁਰਜਾ ਕੱਟ ਕੇ, ਅਪਣਾ ਅੰਗ ਅੰਗ ਕਟਵਾ ਕੇ, "**ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥**" ਅਨੁਸਾਰ ਹੁਣ ਸ਼ਹੀਦੀ ਪਾ ਰਹੇ ਹਨ।


ਲਾਹੌਰ ਵਿਖੇ ਬੱਚਿਆਂ ਨੂੰ ਨੇਜ਼ਿਆਂ 'ਤੇ ਟੰਗਵਾ ਕੇ, ਗਲ਼ਾਂ 'ਚ ਹਾਰ ਪੁਆ, ਪੂਰਨ ਪ੍ਰੀਤ ਪ੍ਰਤੀਤ ਨਾਲ ਭੁੱਖੀਆਂ, ਸਬਰ ਸ਼ੁਕਰ ਨਾਲ ਸਵਾ ਸਵਾ ਮਣ ਪੀਸ ਕੇ ਪੂਰਨ ਸਤਿਗੁਰਾਂ ਦੇ ਸਨਮੁਖ ਸਿਦਕ ਨਿਭਾ ਪਤੀਬ੍ਰਤਾ, ਧਰਮ ਦ੍ਰਿੜ ਹੁਣ ਸ਼ਹੀਦੀਆਂ ਪਾ ਰਹੀਆਂ ਹਨ। ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬੀਬੀਆਂ ਦੀ ਕਮਾਈ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਸਤੀਰਾਮ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਰੂੰ 'ਚ ਲਪੇਟ ਕੇ ਸਾੜ ਰਹੇ ਹਨ। ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਮਤੀਦਾਸ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ ਤਿੱਖੇ ਆਰੇ ਨਾਲ ਚੀਰ ਰਹੇ ਹਨ। ਪਿਆਰੀ ਸਿੱਖੀ ਅਤੇ ਸੱਚੇ ਸਤਿਗੁਰਾਂ ਲਈ, ਆਪਣਾ ਤਨ ਹੁਣ ਚਿਰਵਾ ਰਹੇ ਹਨ।







ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਸੂਰਬੀਰ ਬਹਾਦਰ ਧੰਨ ਬਾਬਾ ਦਿਆਲਾ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਦੇਗ਼ 'ਚ ਉਬਾਲ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਵੀਰ ਪੂਰਨ ਬ੍ਰਹ-ਮਗਿਆਨੀ ਧੰਨ ਬਾਬਾ ਮਨੀ ਸਿੰਘ ਸਾਹਿਬ ਜੀ! ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦੇ ਪਿਆਰ ਸਤਿਕਾਰ ਸਿਮਰਨ 'ਚ ਲੀਣ, ਹੁਣ ਬੈਠ ਰਹੇ ਹਨ, ਜ਼ਾਲਮ ਹੁਣ ਆਪ ਜੀ ਦਾ ਬੰਦ ਬੰਦ ਕੱਟ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਗੁਰਮੁਖਿ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਜੋਰਾਵਰ ਸਿੰਘ ਸਾਹਿਬ ਜੀ, ਧੰਨ ਬਾਬਾ ਫ਼ਤੇਹ ਸਿੰਘ ਸਾਹਿਬ ਜੀ! ਜਿਉਂਦਿਆਂ ਜਿਉਂਦਿਆਂ ਨੂੰ ਹੀ, ਸਰਹਿੰਦ ਵਿਖੇ, ਜ਼ਾਲਮ ਜ਼ੁਲਮੀ ਕੰਧ ਦੀ ਨੀਂਹ 'ਚ, ਹੁਣ ਖੜ੍ਹੇ ਕਰਕੇ, ਉੱਪਰ ਕੰਧ ਚਿਣ ਰਹੇ ਹਨ।
ਵੇਪਰਵਾਹੀ ਨਾਲ ਜੈਕਾਰੇ
ਗੱਜਾਉਂਦਿਆਂ ਦੇ, ਸੀਸ ਉਤਾਰੇ ਜਾ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਮੋਤੀ ਮੈਹਰਾ ਜੀ! ਸੱਚੇ ਸਤਿਗੁਰਾਂ ਦੇ ਪਰਮਪੂਜਨੀਕ ਮਾਤਾ ਗੁਜਰੀ ਕੌਰ ਜੀ 'ਤੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਾਲਮਾਂ ਤੋਂ ਚੋਰੀ ਦੁੱਧ ਪਿਆ ਰਹੇ ਹਨ, ਮੋਤੀ ਮੈਹਰੇ ਜੀ ਨੂੰ ਪ੍ਰਵਾਰ ਸਮੇਤ ਜ਼ਾਲਮ ਹੁਣ ਕੋਹਲੂ 'ਚ ਪੀੜ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਟੋਡਰਮੱਲ ਸਾਹਿਬ ਜੀ! ਪਰਮਪੂਜਨੀਕ ਬ੍ਰਿਧ ਮਾਤਾ ਗੁਜਰੀ ਕੌਰ ਜੀ ਛੋਟੇ ਸਾਹਿਬਜ਼ਾਦਿਆਂ ਜੀ 'ਤੇ ਸਤਿਕਾਰ ਸਸਕਾਰ ਲਈ, ਖੜ੍ਹੀਆਂ ਮੋਹਰਾਂ ਵਿਛਾ ਕੇ, ਉਨ੍ਹਾਂ ਦਾ ਹੁਣ ਸਸਕਾਰ ਕਰ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਬਾਬਾ ਉਦੇ ਸਿੰਘ ਸਾਹਿਬ ਜੀ ਹੁਣ ਹੰਕਾਰੀ
ਕੇਸਰੀ ਚੰਦ ਦੀ ਫ਼ੌਜ਼ 'ਚ ਉਸ ਦਾ ਸਿਰ ਵੱਢ ਰਹੇ ਹਨ। ਸਿਰ ਨੂੰ ਬਰਛੇ 'ਤੇ ਟੰਗ ਕੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਚਰਨਕਮਲਾਂ ਪਾਸ ਸੁੱਟ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਮਹਾਂ ਸਿੰਘ ਸਾਹਿਬ ਜੀ, ਗੁਰੂ ਹਿਤ ਧਰਮਯੁੱਧ ਜਿਤ ਕੇ ਅਪਣੇ ਸ੍ਰੀਰ 'ਤੇ ਬੇਅੰਤ ਫੱਟ ਸਹਾਰ ਕੇ ਸੱਚੇ ਸਤਿਗੁਰੂ ਦਸ-ਵੇਂ ਪਾਤਿਸ਼ਾਹ ਜੀ ਤੋਂ ਹੁਣ ਬਿਦਾਵਾ ਪੜਵਾ ਰਹੇ ਹਨ, ਬਿਦਾਵਾ ਦੇਣ ਵਾਲਿਆਂ ਦੀ ਟੁੱਟੀ ਪ੍ਰੀਤ ਗੰਢਵਾ ਰਹੇ ਹਨ, ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥ (੬੫੯) ਬਖ਼ਸ਼ਿਸ਼ਾਂ ਪਾ ਰਹੇ ਹਨ।

ਪਰਮਪੂਜਨੀਕ ਵਾਹਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਅਤਿਅੰਤ ਪਿਆਰੇ ਹਜ਼ਰਤ ਮੁਬਾਰਕ ਧੰਨ ਬਾਬਾ ਨਬੀ ਖਾਂ 'ਤੇ ਗਨੀ ਖਾਂ ਸਾਹਿਬ ਜੀ, ਸੱਚੇ ਸਤਿਗੁਰੂ ਸਾਹਿਬ ਜੀ ਦੇ ਪਲੰਘੇ ਨੂੰ ਅਪਣੇ ਮੋਢਿਆਂ 'ਤੇ ਚੁੱਕ ਕੇ, ਸ੍ਰੀ ਮਾਛੀਵਾੜੇ ਸਾਹਿਬ ਜੀ ਤੋਂ ਪਿੰਡ ਹੇਰਾਂ (ਲੁਧਿਆਣਾ) ਨੂੰ ਲਿਆ ਰਹੇ ਹਨ। ਵਾਹ ਵਾਹ ਵਾਹ ਸੱਚੇ ਸਤਿਗੁਰਾਂ ਦੀਆਂ ਪਰਮਪਵਿੱਤ੍ਰ ਖ਼ੁਸ਼ੀਆਂ ਪਾ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਪੀਰ ਬੁੱਧੂਸ਼ਾਹ ਸਾਹਿਬ ਜੀ! ਹੁਣ ਭੰਗਾਣੀ ਦੇ ਧਰਮਯੁੱਧ ਵਿਖੇ, **ਬਾਲਾਨ ਬਾਲ॥** ਵਾਹਿਗੁਰੂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਪੱਖ ਚ ਅਪਣੇ ਮੁਰੀਦਾਂ ਸਮੇਤ ਬਹਾਦਰੀ ਨਾਲ ਲੜ ਰਹੇ ਹਨ, ਅਪਣੇ ਪ੍ਰਵਾਰ ਸਮੇਤ ਸਤਿਗੁਰੂ ਸਾਹਿਬ ਜੀ ਲਈ ਸ਼ਹੀਦੀ ਪਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮ-ਪੂਜਨੀਕ ਵਾਹਿਗੁਰੂ ਬਾਬਾ ਨਗਾਹੀਆ ਸਿੰਘ ਸਾਹਿਬ ਜੀ! ਹੁਣ ਸੱਚੇ ਸਤਿਗੁਰਾਂ ਨੂੰ ਅਪਣੇ ਘੋੜੇ 'ਤੇ ਬਿਠਾ ਰਹੇ ਹਨ, ਸਤਿਗੁਰੂ ਸਾਹਿਬ ਜੀ ਨੂੰ ਘੋੜਾ ਅਰਪਣ ਤੋਂ, ਜ਼ਾਲਮ ਮੁਗਲ, ਬਾਬੇ ਜੀ ਦੇ ਪ੍ਰਵਾਰ ਨੂੰ ਹੁਣ ਸ਼ਹੀਦ ਕਰ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ, ਪੰਜ ਪਿਆਰੇ ਜੀ ਸਤਿਗੁਰੂ ਸਾਹਿਬ ਜੀ ਨੂੰ ਹੁਣ ਅਪਣੇ ਨਿਰਮਲ ਪਰਮਪਵਿੱਤ੍ਰ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਬਲਵਾਨ ਸੀਸ ਭੇਟਾ ਕਰ ਰਹੇ ਹਨ, ਉੱਚੇ ਰੁਤਬੇ ਪਾ ਰਹੇ ਹਨ, ਸੱਚੇ ਪਾਤਿਸਾਹ ਜੀ ਤੋਂ ਅੰਮ੍ਰਿਤ ਛਕ ਕੇ, ਸੱਚੇ ਪਾਤਿਸਾਹ ਜੀ ਨੂੰ ਅੰਮ੍ਰਿਤ ਛਕਾਅ ਰਹੇ ਹਨ, ਖ਼ੁਸ਼ੀਆਂ ਪਾ ਰਹੇ ਹਨ।





ਸ੍ਰੀ ਭੰਗਾਣੀ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਜੀ ਦੇ ਧਰਮਯੁੱਧਾਂ 'ਚ ਸੱਚੇ ਪਾਤਿਸ਼ਾਹ ਜੀ ਦੇ ਪਿਆਰੇ ਹੁਣ ਬੇਅੰਤ ਫੱਟ ਸਹਾਰ ਕੇ ਹੁਣ ਸ਼ਹੀਦੀਆਂ ਪਾ ਰਹੇ ਹਨ।



**ਗੋਵਿੰਦ ਗੁਣ ਗਾਈਐ ਜੀਉ; ਲਾਇ ਸਤਿਗੁਰੂ ਨਾਲਿ ਧਿਆਨੁ॥** ਅਨੁਸਾਰ ਧੰਨ ਹਠੀ **ਜਪੀ ਸਾਚੋ ਸਤੀ; ਨਿਹੰਗ ਤਾਰੂ ਸਿੰਘ ਨਾਮ।** ਸ਼ਹੀਦ ਭਾਈ ਤਾਰੂ ਸਿੰਘ ਸਾਹਿਬ ਜੀ! ਸੱਚੇ ਸਤਿਗੁਰੂ ਸਾਹਿਬ ਜੀ ਦੇ ਸਤਿਕਾਰ ਪਿਆਰ ਹਿਤ ਸਿਮਰਣ 'ਚ, ਰੋਮ ਰੋਮ ਕਰਕੇ ਲੀਣ ਬੈਠੇ ਹਨ, ਜ਼ਾਲਮ ਹੁਣ ਆਪ ਜੀ ਦਾ ਖੋਪਰਾ ਉਤਾਰ ਰਹੇ ਹਨ। ਖੋਪਰਾ ਉਤਰਨ ਤੋਂ ਭੀ, ਬਾਈ ਦਿਨ ਸਤਿਗੁਰੂ ਸਾਹਿਬਾਨ ਜੀ ਦੇ ਧਿਆਨ 'ਚ ਸਮਾਧੀ ਲਾ ਕੇ ਬੈਠੇ, ਗੁਰੂ ਗੁਰੂ ਸਿਮਰਦੇ ਰਹੇ, ਸ੍ਰੀ ਜਪੁ ਜੀ ਸਾਹਿਬ ਪੜ੍ਹਦੇ ਰਹੇ, **ਮੂ; ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥** ਗੁਰਸਬਦ ਗੌਂਦੇ ਰਹੇ।

**ਧਰਮ ਕੇ ਹੇਤ ਸਰੀਰ ਮੇਰਾ, ਧਰਮ ਪਾਲ ਕੇ, ਖ਼ਾਕ ਕੇ ਸਾਥ ਮਿਲੇਗਾ। ਧਰਮ ਤੇ ਚਿੱਤ ਅਡੋਲ ਖੜ੍ਹਾ, ਬ੍ਰਹਮੰਡ ਹਿਲੇ ਪਰ ਇਹ ਨ ਹਿਲੇਗਾ। ਸਾਜੋ ਸਮਾਨ ਤ੍ਰਿਲੋਕੀ ਕੋ ਰਾਜ, ਕੁਬੇਰ ਕੀ ਮਾਇਆ ਕਾ ਦੁਆਰ ਖੁੱਲੇਗਾ। ਏਤੀ ਬਿਭੂਤੀ ਕੋ ਦੇਖ, ਕਦੰਚ ਨ, ਤਾਰੂ ਮ੍ਰਿਗਿੰਦ ਕਾ ਚਿੱਤ ਡੁੱਲੇਗਾ।**



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਬਾਬਾ ਬੰਦਾ ਸਿੰਘ ਬਹਾਦਰ ਸਾਹਿਬ ਜੀ! ਹੁਣ ਸਤਿਗੁਰੂ ਸਾਹਿਬ ਜੀ ਦੇ ਪਿਆਰੇ ਦੁਲਾਰੇ ਦੁੱਧ ਦੰਦੀਆਂ ਵਾਲੇ ਲਾਲਾਂ ਦੇ ਕਾਤਲ ਮਹਾਂ ਪਾਪੀ ਦੁਸ਼ਟ ਹੰਕਾਰੀ ਵਜ਼ੀਦੇ ਨੂੰ ਹੁਣ ਮਾਰ ਰਹੇ ਹਨ, ਹੁਣ ਮਹਾਂ ਨੀਚ ਮਹਾਂ ਚੰਡਾਲ ਝੂਠੇ ਨੰਦ ਦੇ ਨੱਕ ਚ ਨਕੇਲ ਪਾ ਕੇ ਘੱਗਰੀ ਪਾ ਕੇ ਨਚਾ ਰਹੇ ਹਨ, ਹੁਣ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਰਹੇ ਹਨ, ਹੁਣ ਬਜ਼ਾਰਾਂ ਚ ਹਲ਼ ਚਲਵਾ ਰਹੇ ਹਨ, ਪੂਰੇ ਗੁਰਾਂ ਦੇ ਸ਼ੁਭ ਅਮੋਲਕ ਬਚਨ ਕਮਾ ਰਹੇ ਹਨ, ਸਰਹਿੰਦ ਦੇ ਕਿਲੇ 'ਤੇ ਹੁਣ ਸ੍ਰੀ ਕੇਸਰੀ ਨਿਸ਼ਾਨ ਸਾਹਿਬ ਜੀ ਝੁਲਾ ਰਹੇ ਹਨ, ਸੰਢੌਰੇ ਦੇ ਜ਼ਾਲਮ ਹਾਕਮ ਅਸਮਾਨ ਖਾਂ ਨੂੰ ਫਾਹੇ ਟੰਗ ਰਹੇ ਹਨ। ਗੁਰੂ ਪੰਥ ਜੀ ਤੋਂ ਵਾਹ! ਵਾਹ! ਪਾ ਰਹੇ ਹਨ, ਦਿੱਲੀ ਜਾ ਕੇ ਆਪਣੀ ਸ਼ਹੀਦੀ ਪਾ ਰਹੇ ਹਨ।



ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦੇ ਪੰਜ ਪਿਆਰੇ, ਪੰਜ ਬੀਰ, ਚਾਰ ਸਾਹਿਬਜ਼ਾਦੇ, ਚਾਲ਼ੀ ਮੁਕਤੇ, ਸੰਤ ਭਗਤ ਗੁਰਮੁਖਿ ਸੇਵਕ ਪਿਆਰੇ, ਜਿਨ੍ਹਾਂ ਨਾਮ ਜਪਿਆ ਵੰਡ ਛਕਿਆ, ਦੇਗ਼ ਚਲਾਈ ਤੇਗ਼ ਵਾਹੀ, ਦੇਖ ਕੇ ਅਣਡਿੱਠ ਕੀਤਾ, ਧਰਮ ਹੇਤ ਸੀਸ ਕੁਰਬਾਨ ਕੀਤੇ, ਚਰਖ਼ੜੀਆਂ 'ਤੇ ਚੜ੍ਹੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ ਉੱਬਲਦੀਆਂ ਦੇਗ਼ਾਂ 'ਚ ਬੈਠੈ, ਆਰਿਆਂ ਨਾਲ ਚੀਰੇ ਗਏ, ਭੱਠਾਂ 'ਚ ਝੋਕੇ ਗਏ, ਸਵਾ ਸਵਾ ਮਣ ਦੇ ਪੀਸਣੇ ਪੀਸੇ, ਜੰਡਾਂ ਨਾਲ ਬੰਨ੍ ਕੇ ਸਾੜੇ ਗਏ, ਅਪਣੇ ਬੱਚਿਆਂ ਦੇ ਟੋਟੇ ਟੋਟ ਕਰਵਾ ਕੇ, ਝੋਲ਼ੀਆਂ 'ਚ ਪੁਆਇਆ, ਗਲ਼ਾਂ 'ਚ ਹਾਰ ਪੁਆਏ, ਨੇਜ਼ਿਆਂ 'ਤੇ ਟੰਗਾਇਆ, ਗੋਲ਼ੀਆਂ ਡਾਗਾਂ ਖ਼ਾਧੀਆਂ, ਆਪ ਜੀ ਦੇ ਭਾਣੇ ਨੂੰ ਮਿੱਠਾ ਮੰਨ ਕੇ, ਗੁਰਦੁਆਰਿਆਂ ਦੀ ਸ਼ੁਭ ਸੱਚੀ ਸੇਵਾ ਲਈ, ਧਰਮ 'ਚ ਦ੍ਰਿੜ ਪ੍ਰਪੱਕ ਰਹਿ ਕੇ, ਕੁਰਬਾਨੀਆਂ ਹੀ ਕੁਰਬਾਨੀਆਂ ਕੀਤੀਆਂ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਬਾਹਿਆ। ਤਿਨ੍ਹਾਂ ਪੁਰਾਤਨ ਵਰਤਮਾਨ ਸਮੇਂ ਦੇ ਸਮੂਹ ਸਿੰਘ ਸਿੰਘਣੀਆਂ ਦੀ ਵੈਰਾਗਮਈ ਸ਼ਹੀਦੀ ਦਾ ਧਿਆਨ ਧਰ ਕੇ, ਖ਼ਾਲਸਾ ਜੀ ਸਾਹਿਬ ਬੋਲੋ ਜੀ! ਵਾਹਿਗੁਰੂ॥

ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ ਪਤੀ ਵਾਹਿਗੁਰੂ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥ ਗੁਰ ਬਰ ਅਕਾਲ, ਚਿਟਿਆਂ ਬਾਜਾਂ ਵਾਲਿਓ ਸਤਿਗੁਰੋ ਰੱਖਲਿਓ ਬਿਰਦ ਬਾਣੇ ਦੀ ਲਾਜ, ਹਠੀਓ ਜਪੀਓ ਤਪੀਓ, ਸ਼ਹੀਦੋ ਸਿੰਘੋ ਸਰਬੱਤ ਗੁਰੂ ਖ਼ਾਲਸਾ ਸਿੰਘ ਸਾਹਿਬ ਜੀ ਕੋ ਸਤਿ ਸ੍ਰੀ ਅਕਾਲ, ਲਾਡਲੀਆਂ ਫ਼ੌਜਾਂ ਦੇ ਮਾਲਕੋ ਸਤਿਗੁਰੋ ਫ਼ੌਜਾਂ ਰੱਖਣੀਆਂ ਤਿਆਰ ਬਰ ਤਿਆਰ, ਸੋਢੀ ਸੱਚੇ ਪਾਤਿਸ਼ਾਹ ਜੀ ਮਹਾਰਾਜ! ਆਪ ਜੀ ਦਾ ਖ਼ਾਲਸਾ ਜਪੇ ਅਕਾਲ ਹੀ ਅਕਾਲ, ਗੁਰ ਬਰ ਅਕਾਲ, ਦੇਗ਼ ਤੇਗ਼ ਫ਼ਤੇਹ ਗੁਰੂ ਖ਼ਾਲਸੇ ਜੀ ਦੀ ਹਰ ਮੈਦਾਨ ਫ਼ਤੇਹ!

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

**ਰੋਮ ਰੋਮ ਕੋਟਿ ਬ੍ਰਹਿਮੰਡ ਕੋ ਨਿਵਾਸ ਜਾਸੁ ਮਾਨਸ ਅਉਤਾਰ ਧਾਰ ਦਰਸ ਦਿਖਾਏ ਹੈ।** ਪਰਮਪੂਜਨੀਕ ਨਿਰਗੁਨ ਵਾਹਿਗੁਰੂ ਜੀ ਦੇ ਸਰਗੁਨ ਸਰੂਪ ਦਸ ਸਤਿਗੁਰੂ ਸਾਹਿਬਾਨਾਂ ਜੀ ਦੇ ਅਵਤਾਰ, ਗੁਰਤਾਗੱਦੀ, ਜੋਤੀ ਜੋਤਿ ਅਸਥਾਨ ਅਤੇ ਉਨ੍ਹਾਂ ਦੇ ਹਜ਼ੂਰੀ ਗੁਰਮੁਖਿ ਪੰਜਾਂ ਪਿਆਰਿਆਂ ਦੇ ਸ਼ੁਭ ਸੱਚੇ ਉੱਚੇ ਪਰਮਪਵਿੱਤ੍ਰ ਨਾਮ:-

**ਰਵਿਦਾਸ ਧਿਆਏ ਪ੍ਰਭ ਅਨੂਪ ॥**
**ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥**




ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਨਾਨਕਦੇਵ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੀ, ਜੋਤੀ ਜੋਤਿ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਜੀ। ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਸਤਿਗੁਰੂ ਅੰਗਦ ਦੇਵ ਸਾਹਿਬ ਜੀ, ੨. ਪੂਰਨ ਸੰਤ ਭਾਈ ਬਾਲਾ ਜੀ, ੩. ਪੂਰਨ ਪ੍ਰੇਮੀ ਭਾਈ ਮਰਦਾਨਾ ਜੀ, ੪. ਗੁਰਸਿਖੀ ਦੇ ਥੰਮ ਬਾਬਾ ਬੁੱਢਾ ਸਾਹਿਬ ਜੀ, ੫. ਭਾਈ ਸਧਾਰਨ ਜੀ ਆਦਿ।

ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਅੰਗਦਦੇਵ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਤਹਿਸੀਲ ਮੁਕਤਸਰ ਵਿਖੇ ਗੁਰਦੁਆਰਾ ਸ੍ਰੀ ਸਰਾਏ ਨਾਂਗਾ ਸਾਹਿਬ ਜੀ, ਗੁਰਤਾਗੱਦੀ ਅਸਥਾਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਜੋਤੀ ਜੋਤਿ ਅਸਥਾਨ ਸ੍ਰੀ ਖਡੂਰ ਸਾਹਿਬ ਜੀ ਵਿਖੇ, ਗੁਰਦੁਆਰਾ ਸ੍ਰੀ ਅੰਗੀਠਾ ਸਾਹਿਬ ਜੀ। ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਪਰਮਪੂਜਨੀਕ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ, ੨. ਭਾਈ ਪਾਰੋ ਜੁਲਕਾ ਜੀ ਪਰਮਹੰਸ, ੩. ਭਾਈ ਜੀਵਾ ਜੀ, ੪. ਧਰਤੀ ਵਰਗੇ ਧੀਰਜ ਵਾਲੇ ਭਾਈ ਜੱਗਾ ਜੀ, ੫. ਭਾਈ ਜੋਧ ਜੀ ਰਸੋਈਆ।

**ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥**



**ਭਲੇ ਅਮਰਦਾਸ ਗੁਣ ਤੇਰੇ**
**ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥**





ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਅਮਰਦਾਸ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਸ੍ਰੀ ਬਾਸਰਕੇ ਨੱਗਰ ਵਿਖੇ ਗੁਰਦੁਆਰਾ ਸ੍ਰੀ ਸੰਨ੍ਹ ਸਾਹਿਬ ਜੀ, ਗੁਰਤਾਗੱਦੀ ਅਸਥਾਨ ਗੁਰਦੁਆਰਾ ਸ੍ਰੀ ਮੱਲ ਅਖਾੜਾ ਸਾਹਿਬ ਜੀ, ਸ੍ਰੀ ਖਡੂਰ ਸਾਹਿਬ ਜੀ, ਜੋਤੀ ਜੋਤਿ ਅਸਥਾਨ ਗੁਰਦੁਆਰਾ ਸ੍ਰੀ ਹਵੇਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ, ੨੨ ਮੰਜੀਆਂ:–**

੧.ਗੁਰਮੁਖਿ ਪਿਆਰੇ ਅੱਲਾਯਾਰ ਜੀ
੨.ਗੁਰਮੁਖਿ ਸੱਚਨ ਸੱਚ ਜੀ
੩.ਗੁਰਮੁਖਿ ਭਾਈ ਸਾਧਾਰਣ ਜੀ ਲੁਹਾਰ
੪.ਗੁਰਮੁਖਿ ਬਾਬਾ ਸਾਵਣਮੱਲ ਜੀ
੫.ਗੁਰਮੁਖਿ ਭਾਈ ਸੁੱਖਣ ਜੀ
੬.ਗੁਰਮੁਖਿ ਭਾਈ ਹੰਦਾਲ ਜੀ 'ਨਿਰੰਜਨੀਏ'
੭.ਗੁਰਮੁਖਿ ਭਾਈ ਕੇਦਾਰੀ ਜੀ
੮.ਗੁਰਮੁਖਿ ਭਾਈ ਖੇਡਾ ਜੀ
੯.ਗੁਰਮੁਖਿ ਭਾਈ ਗੰਗੂਸ਼ਾਹ ਜੀ
੧੦. ਗੁਰਮੁਖਿ ਭਾਈ ਦਰਬਾਰੀ ਜੀ
੧੧.ਗੁਰਮੁਖਿ ਭਾਈ ਪਾਰੋ ਜੁਲਕਾ ਪਰਮਹੰਸ ਜੀ
੧੨.ਗੁਰਮੁਖਿ ਭਾਈ ਫੇਰਾ ਜੀ
੧੩. ਗੁਰਮੁਖਿ ਭਾਈ ਬੂਆ ਜੀ
੧੪.ਗੁਰਮੁਖਿ ਭਾਈ ਬੇਣੀ ਜੀ ਪੰਡਿਤ
੧੫.ਗੁਰਮੁਖਿ ਭਾਈ ਮਹੇਸ਼ਾ ਜੀ
੧੬. ਗੁਰਮੁਖਿ ਪਿਆਰੇ ਮਾਈਦਾਸ ਜੀ
੧੭.ਗੁਰਮੁਖਿ ਭਾਈ ਮਾਣਕਚੰਦ ਜੀ
੧੮.ਅਨੰਨ ਸੇਵਕ ਗੁਰੂ ਭਗਤ ਮਥੋ ਮੁਰਾਰੀ ਜੀ
੧੯.ਗੁਰਮੁਖਿ ਭਾਈ ਰਾਜਾਰਾਮ ਜੀ
੨੦.ਗੁਰਮੁਖਿ ਮਹਾਂਪੁਰਸ਼ ਭਾਈ ਰੰਗਸ਼ਾਹ ਜੀ
੨੧.ਗੁਰਮੁਖਿ ਭਾਈ ਰੰਗਦਾਸ ਜੀ
੨੨.ਗੁਰਮੁਖਿ ਭਾਈ ਲਾਲੋ ਜੀ ਵੈਦ।

**ਸਦਾ ਸਦਾ ਤੂੰਹੈ ਸੁਖਦਾਈ ॥**
**ਨਿਵਿ ਨਿਵਿ ਲਾਗਾ ਤੇਰੀ ਪਾਈ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਰਾਮਦਾਸ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਗੁਰਦੁਆਰਾ ਸ੍ਰੀ ਚੂਨਾ ਮੰਡੀ ਲਹੌਰ, ਗੁਰਤਾਗੱਦੀ ਅਤੇ ਜੋਤੀ ਜੋਤ ਅਸਥਾਨ ਸ੍ਰੀ ਗੋਇੰਦਵਾਲ ੭ਸਾਹਿਬ ਜੀ ਵਿਖੇ, ਗੁਰਦੁਆਰਾ ਸ੍ਰੀ ਹਵੇਲੀ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:-** ੧. ਪਰਮਪੂਜਨੀਕ ਧੰਨ, **ਬ੍ਰਹਮਗਿਆਨੀ ਸਗਲ ਕੀ ਰੀਨਾ॥** ਬਾਬਾ ਬੁੱਢਾ ਸਾਹਿਬ ਜੀ। ੨. ਬਾਬਾ ਆਦਮ ਜੀ। ੩. ਭਾਈ ਗੁਰਦਾਸ ਸਾਹਿਬ ਜੀ ਬ੍ਰਹਮਗਿਆਨੀ। ੪. ਸਨਮੁਖ ਭਾਈ ਤੀਰਥਾ ਜੀ ਸੱਭਰਵਾਲੀਏ। ੫. ਗੁਰਮੁਖਿ ਭਾਈ ਮਾਣਕਚ-ੰਦ ਜੀ। **ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ। ਪੂਰੋ ਮਾਣਕ ਚੰਦੁ ਹੈ ਬਿਸਨਦਾਸੁ ਪਰਵਾਰ ਸਾਧਾਰਾ।ਪੁਰਖੁ ਪਦ-ਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ। ਮਹਾਂਪੁਰਖੁ ਹੈ ਮਹਾਂਨੰਦੁ ਬਿਧੀਚੰਦ ਬੁਧਿ ਬਿਮਲ ਵੀਚਾਰਾ। ਬਰ੍ਹਮ ਦਾਸੁ ਹੈ ਖੋਟੜਾ ਡੂੰਗਰੁ ਦਾਸੁ ਭਲੇ ਤਕਿਆਰਾ। ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਿ-ਚਆਰਾ। ਮਾਈਆ ਜਾਪਾ ਜਾਣੀਅਨਿ ਨਈਆ ਖੁਲਰੁ ਗੁਰੂ ਪਿ-ਆਰਾ। ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ। ਸਤਿਗੁਰ ਸਚੁ ਸਵਾਰਣਹਾਰਾ॥੧੭॥** (ਵਾਰ ੧੧)

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥ ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥੧੯॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਅਰਜਨਦੇਵ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ ਗੁਰ-ਦੁਆਰਾ ਸ੍ਰੀ ਹਵੇਲੀ ਸਾਹਿਬ ਜੀ। ਗੁਰਤਾਗੱਦੀ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ, ਗੁਰ ਦੁਆਰਾ ਗੁਰੂ ਕੇ ਮਹਿਲ, ਜੋਤੀ ਜੋਤਿ ਅਸਥਾਨ ਲਾਹੌਰ ਰਾਵੀ ਕੰਢੇ, ਗੁਰਦੁਆਰਾ ਸ੍ਰੀ ਦੇਹੁਰਾ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰ-ਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:-** ੧. ਭਾਈ ਬਿਧੀਚੰਦ ਜੀ, ੨. ਭਾਈ ਜੇਠਾ ਜੀ, ੩. ਭਾਈ ਲੰਙਾਹਾ ਜੀ, ੪. ਭਾਈ ਪਿਰਾਣਾ ਜੀ, ੫. ਭਾਈ ਪੈੜਾ ਜੀ।

**ਨਿਰਾਹਾਰ ਨਿਰਵੈਰ ਸੁਖਦਾਈ ॥**
**ਤਾ ਕੀ ਕੀਮਤਿ ਕਿਨੈ ਨ ਪਾਈ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਹਰਿਗੋਵਿੰਦ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਗੁਰੂ ਕੀ ਵਡਾਲ਼ੀ ਗੁਰਦੁਆਰਾ ਅਟਾਰੀ ਸਾਹਿਬ, ਗੁਰਤਾਗੱਦੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ, ਸ੍ਰੀ ਕੋਠੜੀ ਸਾਹਿਬ ਜੀ, ਜੋਤੀ ਜੋਤਿ ਅਸਥਾਨ ਸ੍ਰੀ ਕੀਰਤਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਪਤਾਲ਼ਪੁਰੀ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਭਾਈ ਬਿਧੀਚੰਦ ਜੀ, ੨. ਭਾਈ ਜੇਠਾ ਜੀ, ੩. ਭਾਈ ਲੰਙਾਹਾ ਜੀ, ੪. ਭਾਈ ਪਿਰਾਣਾ ਜੀ, ੫. ਭਾਈ ਪੈੜਾ ਜੀ।

ਧੰਨ ਹਨ ਧੰਨ ਹਨ ਧੰਨ ਹਨ, ਪਰਮਪੂ-ਜਨੀਕ ਵਾਹਿਗੁਰੂ **ਸਤਿਗੁਰੂ ਹਰਿਰਾਏ ਸਾਹਿਬ ਜੀਓ** ਧੰਨ ਹਨ! ਅਵਤਾਰ ਅਤੇ ਗੁਰਤਾਗੱਦੀ ਅਸਥਾਨ ਸ੍ਰੀ ਕੀਰਤਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸ ਮਹਿਲ ਸਾਹਿਬ ਜੀ, ਜੋਤੀ ਜੋਤਿ ਅਸਥਾਨ ਗੁਰਦੁਆਰਾ ਪਤਾਲ਼ਪੁਰੀ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਪਰਮਪੂਜਨੀਕ ਬਾਬਾ ਬੁੱਢੇ ਸਾਹਿਬ ਜੀ ਦੇ ਸਪੁੱਤ੍ਰ, ਮਹਾਂਪੁਰਸ਼ ਬਾਬਾ ਭਾਨਾ ਜੀ ੨. ਬਾਬਾ ਭਗਤੂ ਜੀ ੩. ਸੂਰਵੀਰ ਬਹਾਦਰ ਬਾਬੇ ਬਿਧੀਚੰਦ ਜੀ ਦੇ ਲਾਇਕ ਸਪੁੱਤ੍ਰ ਬਾਬਾ ਲਾਲ ਚੰਦ ਜੀ ੪. ਬਾਬੇ ਭਗਤੂ ਜੀ ਦੇ ਸਪੁੱਤ੍ਰ ਬਾਬਾ ਜੀਵਨ ਜੀ ੫. ਭਾਈ ਭਗਵਾਨ ਜੀ, ਭਾਈ ਨੱਥਾ ਜੀ ਸੂਧੇ ਨਿਸ਼ਕਪਟ ਭਗਤ ਜੀ।

**ਤੁਮ ਹੋ ਸਭ ਰਾਜਨ ਕੇ ਰਾਜਾ ॥**
**ਆਪੇ ਆਪੁ ਗਰੀਬ ਨਿਵਾਜਾ ॥**



**ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ**
**ਮਨਸਾ ਪੂਰਣਹਾਰਾ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀਓ** ਧੰਨ ਹਨ! ਅਵਤਾਰ ਤੇ ਗੁਰਤਾਗੱਦੀ ਅਸਥਾਨ ਸ੍ਰੀ ਕੀਰਤਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸ ਮਹਿਲ ਸਾਹਿਬ ਜੀ, ਜੋਤੀ ਜੋਤਿ ਅਸਥਾਨ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਬਾਲਾ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਬਾਬਾ ਗੁਰਦਿਤਾ ਜੀ (ਬਾਬੇ ਬੁਢੇ ਜੀ ਦੀ ਵੰਸ) ੨. ਭਾਈ ਸੰਤਰਾਮ ਜੀ ਭਾਈ ਸੰਗਤੀਆ ਜੀ ੪. ਭਾਈ ਸਤੀਰਾਮ ਜੀ ੫. ਭਾਈ ਗੁਰਬਖਸ਼ ਜੀ।

**ਧਰਮ ਹੇਤ ਸਾਕਾ ਜਿਨਿ ਕੀਆ ॥**
**ਸੀਸੁ ਦੀਆ ਪਰੁ ਸਿਰਰੁ ਨ ਦੀਆ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਤੇਗਬਹਾਦਰ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਗੁਰਦੁਆਰਾ ਗੁਰੂ ਕੇ ਮਹਿਲ, ਗੁਰਤਾਗੱਦੀ ਅਸਥਾਨ ਸ੍ਰੀ ਬਾਬਾ ਬਕਾਲ਼ਾ ਵਿਖੇ ਸ੍ਰੀ ਭੋਰਾ ਸਾਹਿਬ ਜੀ। ਜੋਤੀ ਜੋਤਿ ਅਸਥਾਨ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਜੀ, ਇੱਕ ਚਿਖਾ ਅਸਥਾਨ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਜੀ, ਦੂਜੀ ਚਿਖਾ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਗੁਰਮੁਖਿ ਸਨਮੁਖ ਦੀਵਾਨ ਭਾਈ ਮਤੀ ਦਾਸ ਜੀ ੨. ਭਾਈ ਸਤੀ ਰਾਮ ਜੀ ੩. ਸ੍ਰੀ ਬਾਬਾ ਗੁਰਦਿਤਾ ਸਾਹਿਬ ਜੀ (ਬਾਬੇ ਬੁਢੇ ਜੀ ਦੀ ਵੰਸ) ੪. ਭਾਈ ਦਿਆਲਾ ਜੀ ੫. ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ)

**ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਗੋਵਿੰਦ ਸਿੰਘ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਪਟਨਾ ਸਾਹਿਬ ਜੀ ਵਿਖੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ, ਗੁਰਤਾਗੱਦੀ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਜੀ, ਜੋਤੀ ਜੋਤਿ ਅਸਥਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਨਾਂਦੇੜ ਮਹਾਂਰਾਸ਼ਟ੍ਰ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਪਿਆਰੇ ਭਾਈ ਦਇਆ ਸਿੰਘ ਜੀ ੨. ਪਿਆਰੇ ਭਾਈ ਧਰਮ ਸਿੰਘ ਜੀ ੩. ਪਿਆਰੇ ਭਾਈ ਹਿੰਮਤ ਸਿੰਘ ਜੀ ੪. ਪਿਆਰੇ ਭਾਈ ਮੋਹਕਮ ਸਿੰਘ ਜੀ ੫. ਪਿਆਰੇ ਭਾਈ ਸਾਹਿਬ ਸਿੰਘ ਜੀ।

**ਰਾਮ ਸਰੂਪ ਸਤਿਕਾਰ ਯੋਗ ਪੰਜ ਮੁਕਤੇ:–** ੧. ਭਾਈ ਦੇਵਾ ਸਿੰਘ ਸਾਹਿਬ ਜੀ ੨. ਭਾਈ ਰਾਮ ਸਿੰਘ ਸਾਹਿਬ ਜੀ ੩. ਭਾਈ ਟਹਿਲ ਸਿੰਘ ਸਾਹਿਬ ਜੀ ੪. ਭਾਈ ਈਸ਼ਰ ਸਿੰਘ ਸਾਹਿਬ ਜੀ ੫. ਭਾਈ ਫਤੇ ਸਿੰਘ ਸਾਹਿਬ ਜੀ।

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਗ੍ਰੰਥ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਅੰਮ੍ਰਿਤਸਰ ਵਿਖੇ, ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਜੀ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂ-ਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ! ਆਪ ਜੀ ਨੇ ਦੁਨੀਆਂ ਨੂੰ ਤਾਰਨ ਲਈ, ਦੇਸ਼ਾਂ ਪ੍ਰਦੇਸ਼ਾਂ 'ਚ ਕੀਰਤਨ ਬਖ਼ਸ਼ਣ ਲਈ, ਜੀਆਂ ਦੀ ਹਉਮੈ ਦੀਰਘ ਰੋਗ ਮੇਟ ਕੇ, ਬ੍ਰਹਮਗਿਆਨ ਬਖ਼ਸ਼ਣ ਲਈ, ਦੰਭੀ ਪਖੰਡੀ ਗੁਰੂਆਂ ਦੇ ਜਾਲ਼ ਤੋਂ ਬਚਾਉਣ ਲਈ, ਗੁਰੂ ਨਾਨਕਦੇਵ ਸਾਹਿਬ ਜੀ ਦੇ ਤਖ਼ਤ ਨੂੰ ਜੁੱਗੋ ਜੁੱਗ ਅਟੱਲ ਰੱਖਣ ਲਈ, ਕਲਜੁੱਗ ਨੂੰ ਗੁਰਬਾਣੀ ਨਿਰੰਕਾਰ ਜੀ ਦਾ ਅਧਾਰ ਬਖ਼ਸ਼ਣ ਲਈ, ਗੁਰਸਿੱਖੀ ਪੰਥ ਨੂੰ ਪੂਰਨ ਸੱਚੇ ਗੁਰੂ ਬਖ਼ਸ਼ਣ ਲਈ, ਕੋੜ੍ਹੀਆਂ ਦੇ ਕੋੜ੍ਹ ਸਰਾਪ ਕਲੰਕ ਮੇਟ ਕੇ ਬ੍ਰਹਮ 'ਚ ਜੋੜਨ ਲਈ, ਅਪਣੇ ਸੰਤਾਂ ਨੂੰ ਗੁਰਬਾਣੀ ਨਿਰੰਕਾਰ ਜੀ ਦਾ ਖ਼ਜ਼ਾਨਾ ਬਖ਼ਸ਼ਣ ਲਈ, ੧੬੬੧ ਬਿਕ੍ਰਮੀ ਭਾਦ੍ਰੋਂ ਸੁਦੀ ਏਕਮ ਨੂੰ ਪਰਮਪੂ-ਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ, ਪਹਿਲੀ ਵਾਰੀ ਸ੍ਰੀ ਹਰਿਮੰਦਰ ਸਾਹਿਬ ਜੀ 'ਚ ਪ੍ਰਕਾਸ਼ ਕੀਤੇ। ਦੂਜੀ ਵਾਰ ਅਵਤਾਰ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ, ਗੁਰਤਾਗੱਦੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਮਹਾਂਰਾਸ਼ਟ੍ਰ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਪਿਆਰੇ ਧਰਮ ਸਿੰਘ ਜੀ ੨. ਭਾਈ ਹਰਿ ਸਿੰਘ ਜੀ ੩. ਭਾਈ ਗੁਰਬਖ਼ਸ਼ ਸਿੰਘ ਜੀ ਅਮਰ ਸ਼ਹੀਦ ੪. ਭਾਈ ਸੰਤੋਖ ਸਿੰਘ ਜੀ ਹਜ਼ੂਰੀ ੫. ਬਾਬਾ ਦੀਪ ਸਿੰਘ ਜੀ ਅਮਰ ਸ਼ਹੀਦ।

**ਪ੍ਰੇਮ ਬਿਨੈ:–** ਪੰਜਾਂ ਪਿਆਰਿਆਂ ਦਾ ਭਾਵ ਕੇਵਲ ਪੰਜ ਹੀ ਨਹੀਂ, ਬਲਕਿ ਜਿਹੜਾ ਪ੍ਰੇਮੀ ਯੋਗਤਾ ਰੱਖਦਾ ਹੋਵੇ, ਉਸ ਨੂੰ ਪੰਜਾਂ ਪਿਆਰਿਆਂ 'ਚ ਸ਼ਾਮਲ ਹੋ ਕੇ ਸੇਵਾ ਕਰਨ ਦਾ ਅਧਿਕਾਰ ਹੈ।

**ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥ ਪਰਮਪੂਜਨੀਕ ਅਬਿਨਾਸੀ ਭਗਤਾਂ ਮਹਾਂਪੁਰਸ਼ਾਂ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਨਾਮ:–**

(੧) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਭਗਤ ਕਬੀਰ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੨) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਤ੍ਰਿਲੋਚਨ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੩) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਬੇਣੀ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੪) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਰਵਿਦਾਸ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੫) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਨਾਮਦੇਵ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੬) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਧੰਨਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੭) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸੇਖ਼ ਫ਼ਰੀਦ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੮) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਜੈਦੇਵ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੯) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਮਰਦਾਨਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੦) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਭੀਖਨ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੧) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਸੈਨ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੨) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਪੀਪਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੩) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸਧਨਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੪) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸੁੰਦਰ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੫) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਰਾਗੀ ਸੱਤਾ ਤੇ ਬਲਵੰਡ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੬) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਰਾਮਾਨੰਦ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੭) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਪਰਮਾਨੰਦ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੮) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸੂਰਦਾਸ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭੱਟ ਕਲ ਜੀ, ਕਲਸਹਾਰ ਜੀ, ਟਲਯ ਜੀ, ਜਾਲਪੁ ਜੀ, ਜਲਯ ਜੀ, ਕੀਰਤ ਜੀ, ਸਲਯ ਜੀ, ਭਲਯ ਜੀ, ਨਲਯ ਜੀ, ਭਿਖਾ ਜੀ, ਜਲਨ ਜੀ, ਦਾਸ ਜੀ, ਗਯੰਦ ਜੀ, ਸੇਵਕ ਜੀ, ਮਥੁਰਾ ਜੀ, ਬਲਯ ਜੀ, ਹਰਬੰਸ ਜੀ, ਗੁਰੂ ਜਸ ਗਾਉਣ ਵਾਲੇ ਸਤਾਰਾਂ ਭੱਟ ਸਾਹਿਬ ਜੀਓ ਧੰਨ ਹਨ! ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।


ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, **ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥** ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, **ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥** ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ), ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:
੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਬਮ ਸੰਸਕਾਰ।
੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ।
੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।
੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ।
੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ।
੬.ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ਼੍ਰੀ ਦਮਦਮੀ ਟਕਸਾਲ।
੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮ-ਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ।
੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।
੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।
੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!
੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।
ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ।ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ ਔਦਿਓ ਫਲਓਇਰ ਪ੍ਰਾਪਤੀ ਲਈ: ੩੦੬-੫੮੦-੭੭੩੦ ਸੰਪਰਕ ਕਰੋ। ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ ‘CANADIAN TAX RECEIPT’ ਦਿੱਤੀ ਜਾਵੇ-ਗੀ।

ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD’S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।

## Download the app “LEARN SHUDH GURBANI” on Apple & Android




Available on the App Store

GET IT ON Google Play

## Download all the Pothi Sahibs at GURSEVAK.COM



@gursevaksevadar

## ੧ ਨ ਬੋਲੋ- ਸਵਈਏ ਮਹਲੇ ਪਹਿਲੇ ਕੇ ੧

ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸਤਿਕਰਤਾਰ ਵਾਹਿਗੁਰੂ (ਮਹਲੇ ਪਹਿਲੇ) ਗੁਰ ਨਾਨਕਦੇਵ ਗੋਵਿੰਦ ਰੂਪ॥ ਸਾਹਿਬ ਜੀ (ਕੇ) ਦੇ ਅੰਮ੍ਰਿਤ ਜਸ ਦੇ ਸਵਈਏ, ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਗੁਰਮੁਖਿ ਭੱਟ ਸਾਹਿਬਾਨ ਜੀ ਫ਼ੁਰਮਾ ਰਹੇ ਹਨ:-

## ੧ੴ ਸਤਿਗੁਰ ਪ੍ਰਸਾਦਿ॥

ਭੱਟ ਸਾਹਿਬਾਨ ਜੀ ਅਪਣੇ ਪਰਮਪੂਜਨੀਕ ਗੁਰਦੇਵ ਜੀ ਦਾ ਆਦਿ 'ਚ, ਵਿਸਮਾਦ ਰੰਗਲਾ ਅਨੰਦੀ ਮੰਗਲ ਜਸ ਕਰਦੇ ਹਨ। ਪਰਮਪੂਜਨੀਕ (੧ੴ) ਇੱਕ ਅਦ੍ਵੈਤ ਰੂਪ ਓਅੰਕਾਰ ਸਰਬ ਪ੍ਰਕਾਸ਼ਕ, ਵਾਹਿਗੁਰੂ ਬ੍ਰਹਮ ਨਿਰਗੁਨ ਨਿਰੰਕਾਰ ਜੀ ਦੇ ਸਰਗੁਨ ਸਰੂਪ (ਸਤਿਗੁਰ) ਧੰਨ ਸ੍ਰੀ ਸਤਿਗੁਰੂ ਨਾਨਕਦੇਵ ਸਾਹਿਬ ਜੀ, (ਪ੍ਰਸਾਦਿ) (ਪ੍ਰ+ਸਾਦਿ) (ਪ੍ਰ) ਪਰੇ ਹਨ (ਸਾਦਿ) ਸੁਆਦ ਤੋਂ, ਭਾਵ ਇੰਦ੍ਰਿਆਂ ਦੇ ਸੁਆਦ ਰਹਿਤ, ਨਿਰੇ (ਪ੍ਰਸਾਦਿ) ਅਨੰਦ ਹੀ ਅਨੰਦ ਸਰੂਪ, (ਪ੍ਰਸਾਦਿ) ਕ੍ਰਿਪਾ ਸਰੂਪ ਭਾਵ ਗੁਰੂ ਪ੍ਰਮੇਸਰ ਜੀ ਅਗਮ ਅਪਾਰ ਨਿਰੇ ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ। ਜੋ ਹਰ ਵੇਲੇ ਅੱਗ ਦੇ ਸਮੁੰਦ੍ਰ ਸੰਸਾਰ 'ਤੇ, ਕ੍ਰਿਪਾ ਹੀ ਕ੍ਰਿਪਾ ਕਰਦੇ ਹਨ, ਹਰ ਸਮੇਂ ਸੰਸਾਰ 'ਚ ਲੱਗੀ ਅੱਗ ਨੂੰ, ਸਾਚ ਨਾਮ ਕੀ ਅੰਮ੍ਰਿਤ ਵਰਖਾ॥ ਕਰਕੇ, ਬੁਝੌਂਦੇ ਰਹਿੰਦੇ ਹਨ।

ਸਲੋਕੁ॥ ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਗੁਰਦੇਵ ਸਖਾ. ਅਗਿਆਨ ਭੰਜਨੁ; ਗੁਰਦੇਵ ਬੰਧਿਪ ਸਹੋਦਰਾ॥ ਗੁਰਦੇਵ ਦਾਤਾ. ਹਰਿ ਨਾਮੁ ਉਪਦੇਸੈ; ਗੁਰਦੇਵ ਮੰਤੁ. ਨਿਰੋਧਰਾ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ; ਗੁਰਦੇਵ. ਪਾਰਸ ਪਰਸ ਪਰਾ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ; ਗੁਰ ਗਿਆਨ ਮਜਨੁ ਅਪਰੰਪਰਾ॥ ਗੁਰਦੇਵ ਕਰਤਾ. ਸਭਿ ਪਾਪ ਹਰਤਾ; ਗੁਰਦੇਵ. ਪਤਿਤ ਪਵਿਤ ਕਰਾ॥ ਗੁਰਦੇਵ. ਆਦਿ ਜੁਗਾਦਿ ਜੁਗੁ ਜੁਗੁ; ਗੁਰਦੇਵ ਮੰਤੁ ਹਰਿ ਜਪਿ ਉਧਰਾ॥ ਗੁਰਦੇਵ ਸੰਗਤਿ. ਪ੍ਰਭ ਮੇਲਿ ਕਰਿ ਕਿਰਪਾ; ਹਮ ਮੂੜ ਪਾਪੀ. ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥੧॥

## ਇਕ ਮਨਿ; ਪੁਰਖੁ ਧਿਆਇ ਬਰਦਾਤਾ॥

ਹੇ ਮਨ! ਬਿਅੰਤ ਸ਼ੁਭ ਗੁਰਮੁਖਿ (ਬਰ+ਦਾਤਾ) (ਬਰ) ਵਰਾਂ ਅਥਵਾ (ਬਰ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ (ਦਾਤਾ) ਦਾਤੇ ਉਦਾਰ ਚਿੱਤ ਸੱਚੇ

ਅਕਾਲਪੁਰਖੁ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੂੰ ਇਕ ਮਨਿ ਹੋ ਕੇ ਸਾਵਧਾਨ ਦਿਨ ਰਾਤ ਰੋਮ ਰੋਮ ਦੇ ਪਿਆਰ ਨਾਲ (ਧਿਆਇ) ਧਿਔਣਾ ਕਰ। ਯਥਾ:- ਪ੍ਰਭ ਕੀ ਉਸਤਤਿ; ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥) ਏ ਮਨ ਹਰਿ ਜੀ ਧਿਆਇ ਤੂ; ਇਕ ਮਨਿ ਇਕ ਚਿਤਿ ਭਾਇ॥) ਏ ਮਨ. ਹਰਿ ਜੀਉ ਚੇਤਿ ਤੂ; ਮਨਹੁ ਤਜਿ ਵਿਕਾਰ॥ ਗੁਰ ਕੈ ਸਬਦਿ ਧਿਆਇ ਤੂ; ਤਾ ਸਚਿ ਲਗੀ ਪਿਆਰੁ॥੧॥ਰਹਾਉ॥) ਤੁਮ ਬਡ ਦਾਤੇ. ਦੇ ਰਹੇ॥ ਜੀਅ ਪ੍ਰਾਣ ਮਹਿ; ਰਵਿ ਰਹੇ॥

ਜਿਵੇਂ ਸਤਿਗੁਰੂ ਸ੍ਰੀ ਗੁਰੂ ਅੰਗਦਦੇਵ ਸਾਹਿਬ ਜੀ ਘੋੜੀ ’ਤੇ ਚੜ੍ਹ ਕੇ, ਸੱਚੇ ਅਕਾਲਪੁਰਖੁ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਸੁੰਦਰ ਦਰਸਨ ਕਰਨ ਗਏ। ਅੰਤਰਜਾਮੀ ਸਤਿਗੁਰੂ ਨਾਨਕਦੇਵ ਸਾਹਿਬ ਜੀ ਸ੍ਰੀ ਕਰਤਾਰਪੁਰ ਸਾਹਿਬ ਜੀ ਤੋਂ ਬਾਹਰ ਆ ਕੇ ਖੜ੍ਹ ਗਏ। ਸ੍ਰੀ ਗੁਰੂ ਅੰਗਦਦੇਵ ਸਾਹਿਬ ਜੀ ਨੇ ਪੁੱਛਿਆ, “ਜੀ! ਦਾਸਨਦਾਸ ਨੇ ਸੱਚੇ ਪਰਮਾਤਮਾ ਸੱਚੇ ਨਾਮ ਦੇ ਸੱਚੇ ਦਾਤੇ ਸੱਚੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਦਰਸਨ ਕਰਨੇ ਹਨ ਜੀ” ਤਾਂ ਗੁਰੂ ਗ੍ਰੀਬ ਨਿਵਾਜ ਆਪ ਘੋੜੀ ਦੇ ਮੂਹਰੇ ਮੂਹਰੇ ਤੁਰੇ ਗਏ, ਪਾਵਨ ਪਵਿੱਤ੍ਰ ਅਸਥਾਨ ’ਤੇ ਲੈ ਆਏ। ਕਹਿੰਦੇ “ਜੀ, ਇਥੇ ਘੋੜੀ ਬੰਨ੍ਹ ਕੇ, ਅੰਦਰ ਜਾ ਕੇ ਸਤਿਗੁਰੂ ਸਾਹਿਬ ਜੀ ਦੇ ਦਰਸਨ ਕਰ ਲਵੋ।” ਤਾਂ ਪੰਜ ਇਸ਼ਨਾਨਾਂ ਕਰਕੇ, ਪਿੱਛਲੀ ਬਾਰੀ ਤੋਂ ਅੰਦਰ ਆ ਕੇ, ਸਤਿਗੁਰੂ ਨਾਨਕਦੇਵ ਸਾਹਿਬ ਜੀ ਤਖ਼ਤ ਸਾਹਿਬ ਜੀ ’ਤੇ ਸੱਜ ਗਏ। ਦਰਸਨ ਕਰਕੇ ਸਤਿਗੁਰੂ ਅੰਗਦਦੇਵ ਸਾਹਿਬ ਜੀ ਅਸਚਰਜ, ਹੈਰਾਨ ਹੋਏ ਤੇ ਪਛਤੌਣ ਲਗੇ, ਕਿ “ਦਾਸਨਦਾਸ ਘੋੜੀ ’ਤੇ ਚੜ੍ਹ ਕੇ ਆਇਆ, ਤੇ ਸਤਿਗੁਰੂ ਸਾਹਿਬ ਜੀ ਨੇ ਆਪ ਮੂਹਰੇ ਤੁਰੇ ਆਏ, ਇਹ ਦਾਸਨਦਾਸ ਤੋਂ ਬੇਅਦਬੀ ਹੋਈ।”

ਤਾਂ ਸਰਬ ਕਲਾ ਭਰਪੂਰ ਪ੍ਰਭ; ਸਤਿਗੁਰੂ ਨਾਨਕਦੇਵ ਸਾਹਿਬ ਜੀ ਕਹਿੰਦੇ “ਜੀ! ਆਪ ਜੀ ਦਾ ਸ਼ੁਭ ਨਾਮ ਕੀ ਹੈ ਜੀ?” ਸਿਰ ਝੁਕਾ ਕੇ ਕਹਿੰਦੇ “ਜੀ! ਲਹਿਣਾ” ਪਹਿਲੇ ਪਾਤਿਸਾਹ ਜੀ ਨੇ ਕਿਹਾ “ਲਹਿਣੇਦਾਰ ਘੋੜੀਆਂ ’ਤੇ ਚੜ੍ਹ ਕੇ ਹੀ ਔਂਦੇ ਹਨ, ਆਪ ਜੀ ਨੇ ਲੈਣਾ ਤੇ ਦਾਸਨਦਾਸ ਨੇ ਦੇਣਾ” ਵਾਹੁ ਵਾਹੁ ਸਚੇ ਪਾਤਿਸਾਹ; ਤੂ ਸਚੀ ਨਾਈ॥੧॥ਰਹਾਉ॥ ਆਪ ਜੀ ਨੇ ਕੈਸਾ ਅਮੋਲਕ ਅਸਚਰਜ ਖੇਲ ਰਚਾਇਆ। “ਆਪ ਜੀ ਨੇ ਲੈਣਾ ਤੇ ਦਾਸਨਦਾਸ ਨੇ ਦੇਣਾ” ਦਾ ਭਾਵ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ ਸਤਿਗੁਰੂ ਅੰਗਦਦੇਵ ਸਾਹਿਬ ਜੀ ਨੂੰ ਗੁਰਤਾਗੱਦੀ ਦੇਣ ਦਾ ਸ਼ੁਭ ਸੱਚਾ ਗੁਰਮੁਖਿ ਵਰ ਬਖ਼ਸ਼ਿਆ ਜੀ।

## ਸੰਤ ਸਹਾਰੁ; ਸਦਾ ਬਿਖਿਆਤਾ॥

ਸਦਾ (ਬਿਖਿਆਤਾ) ਪ੍ਰਗਟ ਸਰੂਪ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਸਦਾ ਅਪਨੇ

(ਸੰਤ) ਸੰਤਾਂ ਮਹਾਂਪੁਰਖਾਂ ਦਾ ਸੱਚਾ (ਸਹਾਰੁ) ਆਸਰਾ ਓਟ, ਉਨ੍ਹਾਂ ਦੇ ਸਦਾ ਸਹਾਈ ਹਨ। ਯਥਾ:- ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥) ਘਰਿ ਘਰਿ ਬਾਬਾ ਗਾਵੀਐ; ਵਜਨਿ ਤਾਲ ਮ੍ਰਿਦੰਗੁ ਰਬਾਬਾ।) ਜਿਥੈ ਜਾਇ ਜਗਤਿ ਵਿਚਿ; ਬਾਬੇ ਬਾਝੁ ਨ ਖਾਲੀ ਜਾਈ। ਤਥਾ:- ਸੰਤਨ ਕੀ ਓਟ; ਆਪੇ ਆਪਿ॥੧॥ਰਹਾਉ॥) ਭਗਤਾ ਕਾ ਸਹਾਈ; ਜੁਗਿ ਜੁਗਿ ਜਾਇਆ॥੩॥) ਸੰਤਾ ਕੇ ਕਾਰਜਿ. ਆਪਿ ਖਲੋਇਆ; ਹਰਿ ਕੰਮੁ ਕਰਾਵਣਿ ਆਇਆ ਰਾਮ॥

ਤਾਸੁ ਚਰਨ ਲੇ; ਰਿਦੈ ਬਸਾਵਉ॥

ਦਾਸਨਦਾਸ (ਤਾਸੁ) ਤਿਨ੍ਹਾਂ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਸੱਚੇ ਸੱਚੇ ਸੱਚੇ ਸੁੰਦਰ ਮਿੱਠੇ ਪਰਉਪਕਾਰੀ ਪਰਮਪੂਜਨੀਕ ਨਿਰਵਿਕਾਰੀ ਧੀਰਜਧਾਰੀ ਚਰਨ ਕਮਲ ਅਥਵਾ ਗੁਰਸਬਦ ਰੂਪ ਚਰਨਕਮਲ (ਲੇ) ਲੈ ਕੇ, ਅਪਣੇ (ਰਿਦੈ) ਰਿਦੇ ਰੋਮ ਰੋਮ ’ਚ (ਬਸਾਵਉ) ਵਸੌਂਦਾ, ਧਿਔਂਦਾ, ਗੌਂਦਾ, ਸਿਰ ਝੁਕੌਂਦਾ, ਸੱਚੇ ਚਰਨਕਮਲ ਧੋ ਧੋ ਕੇ ਪੀਂਦਾ ਹੈ ਜੀ, ਪਾਰਬ੍ਰਹਮ ਮਨ ਭੌਂਦਾ। ਜਿਨ੍ਹਾਂ ਪਾਵਨ ਪਵਿੱਤ੍ਰ ਚਰਨਕਮਲਾਂ ਨਾਲ ਸਤਿਗੁਰੂ ਸਾਹਿਬ ਜੀ ਨੇ ਨੌਂ ਖੰਡ, ਸੱਤ ਦੀਪ ਤੁਰ ਕੇ ਨਿਹਾਲ ਨਿਹਾਲ ਨਿਹਾਲ ਕੀਤੇ। ਯਥਾ:- ਬਾਬੇ ਤਾਰੇ ਚਾਰਿ ਚਕਿ; ਨਉਖੰਡਿ ਪ੍ਰਿਥਮੀ ਸਚਾ ਢੋਆ॥) ਬਾਬੇ ਡਿਠੀ ਪਿਰਥਮੀ; ਨਵੈ ਖੰਡਿ ਜਿਥੈ ਤਕਿ ਆਹੀ॥ ਫਿਰਿ ਜਾਇ ਚੜ੍ਹਿਆ ਸੁਮੇਰ ਪਰ; ਸਿਧ ਮੰਡਲੀ ਦ੍ਰਿਸਟੀ ਆਈ॥ ਚਉਰਾਸੀਹ ਸਿਧ ਗੋਰਖਾਦਿ; ਮਨ ਅੰਦਰਿ ਗਣਤੀ ਵਰਤਾਈ॥ ਸਿਧ ਪੁਛਣਿ ਸੁਣਿ ਬਾਲਿਆ; ਕਉਣੁ ਸਕਤਿ ਤੁਹਿ ਏਥੇ ਲਿਆਈ॥ ਹਉ ਜਪਿਆ ਪਰਮੇਸਰੋ; ਭਾਉ ਭਗਤਿ ਸੰਗਿ ਤਾੜੀ ਲਾਈ॥ ਆਖਣਿ ਸਿਧ ਸੁਣਿ ਬਾਲਿਆ; ਆਪਣਾ ਨਾਉ ਤੁਮ ਦੇਹੁ ਬਤਾਈ॥ ਬਾਬਾ ਆਖੇ ਨਾਥ ਜੀ; ਨਾਨਕ ਨਾਮ ਜਪੇ ਗਤਿ ਪਾਈ॥ ਨੀਚੁ ਕਹਾਇ; ਊਚ ਘਰਿ ਆਈ॥੨੮॥ ਹੇ ਪਿਆਰੇ ਪ੍ਰੇਮੀਓ! ਆਪ ਜੀ ਭੀ ਅਪਣੇ ਰਿਦੇ ’ਚ ਵਸੌਣਾ ਕਰੋ ਜੀ ਰਾਮ ਜੀ! ਯਥਾ:- ਮਹਾ ਅਨੰਦ ਮੰਗਲ ਰੂਪ; ਤੁਮਰੇ ਬਚਨ ਅਨੂਪ ਰਸਾਲ॥ ਹਿਰਦੈ ਚਰਣ ਸਬਦੁ ਸਤਿਗੁਰ ਕੋ; ਨਾਨਕ. ਬਾਂਧਿਓ ਪਾਲ॥੨॥੭॥੩੮॥) ਸਤਿਗੁਰ ਕੇ ਚਰਨ; ਧੋਇ ਧੋਇ ਪੀਵਾ॥ ਗੁਰ ਨਾਨਕ; ਜਪਿ ਜਪਿ ਸਦ ਜੀਵਾ॥੪॥੪੩॥੫੬॥) ਮਾਈ; ਚਰਨ ਗੁਰ ਮੀਠੇ॥) ਗੁਰ ਕੇ ਚਰਣ ਊਪਰਿ ਮੇਰੇ ਮਾਥੇ॥ ਤਾ ਤੇ ਦੁਖ ਮੇਰੇ; ਸਗਲੇ ਲਾਥੇ॥੧॥) ਸੁਣਤੇ ਪੁਨੀਤ. ਕਹਤੇ ਪਵਿਤੁ; ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥੪੦॥੧॥

ਤਉ ਪਰਮ ਗੁਰੂ ਨਾਨਕ; ਗੁਨ ਗਾਵਉ॥੧॥

(ਤਉ) ਤਾਂ ਦਾਸਨਦਾਸ, (ਪਰਮ) ਵੱਡੇ, ਪਰਮਪੂਜਨੀਕ ਸੱਚੇ ਪਾਰਬ੍ਰਹਮ ਕੇ ਗੁਰ ਅਵਤਾਰ (ਗੁਰੂ ਨਾਨਕ) ਸਭ ਤੇ ਵਡਾ ਸਤਿਗੁਰੁ ਨਾਨਕੁ; ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਸ੍ਰੇਸਟ ਅਪਾਰ ਗੁਨ (ਗਾਵਉ) ਗੌਂਦਾ ਹੈ ਜੀ। ਹੇ ਪਿਆਰੇ ਪ੍ਰੇਮੀਓ! ਆਪ ਜੀ ਭੀ ਗੌਣਾ ਕਰੋ ਜੀ ਰਾਮ ਜੀ!

ਗਾਵਉ ਗੁਨ, ਪਰਮ ਗੁਰੂ ਸੁਖਸਾਗਰ; ਦੁਰਤ ਨਿਵਾਰਣ. ਸਬਦ ਸਰੇ॥

ਹੇ ਗੁਰਮੁਖਿ ਪਿਆਰਿਓ! (ਸੁਖਸਾਗਰ) ਸੁਖਾਂ ਦੇ ਸਮੁੰਦ੍ਰ, ਜੋਤੀ ਸਰੂਪ (ਪਰਮ) ਵੱਡੇ ਪਰਮਪੂਜਨੀਕ ਸੱਚੇ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਸ੍ਰੇਸਟ ਗੁਨ (ਗਾਵਉ) ਗੌਣਾ ਕਰੋ ਜੀ। ਯਥਾ:- ਸਾਧੋ; ਗੋਬਿੰਦ ਕੇ ਗੁਨ ਗਾਵਉ॥ (ਸਬਦ) ਗੁਰਬਾਣੀ ਦੇ (ਸਰੇ) ਸਮੁੰਦ੍ਰ, (ਸਬਦ) ਬ੍ਰਹਮ ਸਰੂਪ ਸਤਿਗੁਰੂ ਸਾਹਿਬ ਜੀ (ਸਬਦ) ਗੁਰਬਾਣੀ ਜੀ ਬਖ਼ਸ਼ ਕੇ ਕਲਜੁੱਗੀ ਜੀਵਾਂ ਦੇ (ਦੁਰਤ) ਪਾਪ, ਖੋਟੀ ਮਤਿ ਨੂੰ (ਨਿਵਾਰਣ) ਨਿਵਿਰਤ ਕਰਨ ਵਾਲੇ ਹਨ ਜੀ। ਯਥਾ:- ਦੁਰਤੁ ਗਵਾਇਆ. ਹਰਿ ਪ੍ਰਭਿ ਆਪੇ; ਸਭੁ ਸੰਸਾਰੁ ਉਬਾਰਿਆ॥ ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ; ਅਪਣਾ ਬਿਰਦੁ ਸਮਾਰਿਆ॥੧॥) ਗੁਰ ਕੈ ਸਬਦਿ. ਏਹੁ ਮਨੁ ਰਾਤਾ; ਦੁਬਿਧਾ ਸਹਜਿ ਸਮਾਣੀ॥) ਸਤਿਗੁਰੁ. ਖੋਟਿਅਹੁ ਖਰੇ ਕਰੇ; ਸਬਦਿ ਸਵਾਰਣਹਾਰੁ॥

ਗਾਵਹਿ ਗੰਭੀਰ ਧੀਰ ਮਤਿ ਸਾਗਰ; ਜੋਗੀ ਜੰਗਮ ਧਿਆਨੁ ਧਰੇ॥

ਪੂਰਿ ਰਹਿਓ ਸਰਬਤ੍ਰ ਮਹਿ; ਪ੍ਰਭ ਗੁਣੀ ਗਹੀਰ॥) ਗੁਰੁ ਸਾਗਰੁ ਰਤਨੀ ਭਰਪੂਰੇ॥ ਸ਼ੁਭ ਗੁਣਾਂ ਦੇ ਗਹਿਰ ਗੰਭੀਰ ਅਥਾਹ ਸਾਗਰ, (ਧੀਰ) ਧੀਰਜਧਾਰੀ, (ਧੀਰ) ਬਲਵਾਨ, ਭਾਰੀ (ਮਤਿ) ਗੁਰਮਤਿ ਦੇ ਦਾਤੇ, ਪਰਮਪੂਜਨੀਕ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੂੰ ਬਿਅੰਤ ਸ਼ੁਭ ਗੁਣਾਂ ਦੇ ਗਹਿਰ ਗੰਭੀਰ (ਸਾਗਰ) ਸਮੁੰਦ੍ਰ, (ਧੀਰ) ਧੀਰਜਧਾਰੀ, (ਧੀਰ) ਬਲਵਾਨ ਸੂਰਬੀਰ ਬਹਾਦਰ, ਭਾਰੀ (ਮਤਿ) ਗੁਰਮਤਿ ਦੇ ਧਾਰਨੀ ਗੁਰਮੁਖਿ ਮਹਾਂਪੁਰਖ (ਗਾਵਹਿ) ਗੌਂਦੇ ਹਨ। ਸਿਧ ਸਾਧਿਕ ਜੋਗੀ ਅਰੁ ਜੰਗਮ; ਏਕੁ ਸਿਧੁ ਜਿਨੀ ਧਿਆਇਆ॥ ਪਰਸਤ ਪੈਰ ਸਿਝਤ ਤੇ ਸੁਆਮੀ; ਅਖਰੁ ਜਿਨ ਕਉ ਆਇਆ॥੨॥ ਅਨੁਸਾਰ ਉਹ ੧ਓ ਵਾਹਿਗੁਰੂ ਜੀ ਨਾਲ ਜੁੜੇ ਗੁਰਮੁਖਿ ਜੋਗੀ, ਸਦਾ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨਾਲ ਏਕਤਾ ਅਭੇਦਤਾ ਦੇ ਸੋਹਲੇ ਗੌਣ ਵਾਲੀਆਂ ਗੁਰਮੁਖਿ ਬਹੂਆਂ, ਜੋਗੀ, (ਜੰਗਮ) ਸ਼ਿਵ ਜੀ ਪਾਰਬਤੀ ਜੀ ਦਾ ਵਿਆਹ ਗੌਣ ਵਾਲੇ ਭੀ ਸਤਿਗੁਰੂ ਸਾਹਿਬ ਜੀ ਦੇ ਸੱਚੇ ਮਿੱਠੇ ਪਰਉਪਕਾਰੀ ਚਰਨਕਮਲਾਂ ਦਾ ਧਿਆਨ (ਧਰੇ) ਧਾਰਦੇ ਹਨ ਜੀ।

ਗਾਵਹਿ ਇੰਦ੍ਰਾਦ. ਭਗਤ ਪ੍ਰਹਿਲਾਦਿਕ; ਆਤਮ ਰਸੁ ਜਿਨਿ ਜਾਣਿਓ॥

(ਇੰਦ੍ਰਾਦ) ਇੰਦ੍ਰ ਆਦਿ ਦੇਵਤੇ, ਭਗਤ (ਪ੍ਰਹਿਲਾਦਿਕ) ਪ੍ਰਹਿਲਾਦ ਸਾਹਿਬ ਜੀ ਆਦਿ ਸਾਰੇ ਭਗਤ ਧੰਨ ਧੰਨ ਧੰਨ ਪਰਮਪੂਜਨੀਕ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੂੰ (ਗਾਵਹਿ) ਗੌਂਦੇ ਹਨ। (ਜਿਨਿ) ਜਿਨ੍ਹਾਂ ਨੇ (ਆਤਮ) ਅਪਣਾ ਆਪ ਸਰੂਪ ਬ੍ਰਹਮ ਜੀ ਦਾ ਮਹਾਂ ਵਿਸਮਾਦ ਅੰਮ੍ਰਿਤ ਸੱਚਾ ਨਾਮ ਰਸੁ ਮੂੰਹ 'ਚੋਂ ਪੀਣਾ ਪਿਔਣਾ (ਜਾਣਿਓ) ਜਾਣਿਆ ਹੈ।

ਸੁ-ਜਸੁ- ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੨॥

(ਕਬਿ) ਕਵੀ ਗੁਰਮੁਖਿ ਬ੍ਰਹਮ ਸਰੂਪ ਭੱਟ ਕਲ ਜੀ ਫ਼ੁਰਮੌਂਦੇ ਹਨ:- ਪਰਮਪੂਜਨੀਕ ਗੁਰ ਨਾਨਕ ਦੇਵ ਸਾਹਿਬ ਜੀ ਦਾ (ਸੁ+ਜਸੁ) (ਸੁ) ਸ੍ਰੇਸਟ ਜਸੁ (ਗਾਵਉ) ਗੌਣਾ ਕਰੋ ਜੀ। (ਜਿਨਿ) ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ (ਰਾਜੁ) ਪ੍ਰਕਾਸ ਸਰੂਪ ਬ੍ਰਹਮ ਜੀ ਦੇ ਅਖੰਡ ਜੋਤਿ 'ਚ (ਜੋਗੁ) ਜੁੜ ਕੇ, ਅਟੱਲ ਗੁਰਤਾਗੱਦੀ 'ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ ਰਾਜੁ ਜੋਗੁ ਦਾ ਸ੍ਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ (ਮਾਣਿਓ) ਮਾਣਿਆ। ਸਭਨਾਂ ਦੇ ਮਨਾਂ ਇੰਦ੍ਰਿਆਂ 'ਤੇ ਰਾਜੁ ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਣ 'ਤੇ ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ, ਗੁਰਤਾ ਸਿੰਘਾਸਣ ਅਥਵਾ ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ 'ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ ਗੁਰੂ ਪ੍ਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ ਪੂਤ ਸਭ ਪਦਾਰਥ ਬਖ਼ਸ਼ਦੇ ਹਨ। ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥ ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ।

ਗਾਵਹਿ ਜਨਕਾਦਿ. ਜੁਗਤਿ ਜੋਗੇਸੁਰ; ਹਰਿ ਰਸ ਪੂਰਨ ਸਰਬ ਕਲਾ॥

(ਜਨਕਾਦਿ) ਗੁਰਮੁਖਿ ਰਾਜਾ ਜਨਕ ਜੀ ਆਦਿ ਧਰਮੀ ਰਾਜੇ, ਸਤਿਗੁਰੂ ਸਾਹਿਬ ਜੀ ਦੇ ਸੱਚੇ ਚਰਨਕਮਲਾਂ ਨਾਲ (ਜੁਗਤਿ) ਜੁੜੇ ਗੁਰਮੁਖਿ (ਜੋਗੇਸੁਰ) ਜੋਗੀਆਂ ਦੇ ਗੁਰਮੁਖਿ ਰਾਜੇ ਸਾਰੇ, ਹਰਿ ਨਾਮ ਅੰਮ੍ਰਿਤ ਰਸ 'ਚ ਪੂਰਨ, (ਪੂਰਨ) ਸ੍ਰਬ ਵਿਆਪੀ (ਸਰਬ) ਸਾਰੀਆਂ (ਕਲਾ) ਸ਼ਕਤੀਆਂ ਦੇ ਸਮਰੱਥ, ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਣ (ਗਾਵਹਿ) ਗੌਂਦੇ ਹਨ। ਯਥਾ:- ਸੋ ਦਰੁ ਕੇਹਾ, ਸੋ ਘਰੁ ਕੇਹਾ; ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ; ਕੇਤੇ ਵਾਵਣਹਾਰੇ॥ ਕੇਤੇ. ਰਾਗ ਪਰੀ ਸਿਉ

ਕਹੀਅਨਿ; ਕੇਤੇ ਗਾਵਣਹਾਰੇ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ, ਲਿਖਿ ਜਾਣਹਿ; ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ; ਸੋਹਨਿ ਸਦਾ ਸਵਾਰੇ॥ ਗਾਵਹਿ ਇੰਦ, ਇਦਾਸਣਿ ਬੈਠੇ; ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ. ਸਮਾਧੀ ਅੰਦਰਿ; ਗਾਵਨਿ ਸਾਧ ਵਿਚਾਰੇ॥ ਗਾਵਨਿ ਜਤੀ ਸਤੀ ਸੰਤੋਖੀ; ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ; ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ; ਸੁਰਗਾ ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ; ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾਬਲ ਸੂਰਾ; ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ; ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ; ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਗਾਵਨਿ, ਸੇ. ਮੈ ਚਿਤਿ ਨ ਆਵਨਿ; ਨਾਨਕੁ. ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ; ਸਾਚਾ ਸਾਚੀ ਨਾਈ॥ ਹੈ ਭੀ ਹੋਸੀ, ਜਾਇ ਨ ਜਾਸੀ; ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ; ਮਾਇਆ ਜਿਨਿ ਉਪਾਈ॥ ਕਰਿ ਕਰਿ ਵੇਖੈ. ਕੀਤਾ ਆਪਣਾ; ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ. ਸੋਈ ਕਰਸੀ; ਹੁਕਮੁ. ਨ ਕਰਣਾ ਜਾਈ॥ ਸੋ ਪਾਤਿਸਾਹੁ. ਸਾਹਾ ਪਾਤਿਸਾਹਿਬੁ; ਨਾਨਕ. ਰਹਣੁ ਰਜਾਈ॥੨੭॥

ਅ-ਛਲ ਛਲਾ ਪੋਲੇ- ਗਾਵਹਿ ਸਨਕਾਦਿ ਸਾਧ ਸਿਧਾਦਿਕ; ਮੁਨਿ ਜਨ ਗਾਵਹਿ. ਅਛਲ ਛਲਾ॥

;ਛਲਿਓ ਜੋ ਨ ਜਾਇ, ਸੋ ਅਛਲ ਕੈ ਪ੍ਰਮਾਨੀਐ॥ ਅਨੁਸਾਰ (ਛਲਾ) ਛਲ਼ ਰੂਪ ਮਾਇਆ ਦੇ (ਅਛਲ) ਛਲ਼ਣ ਤੋਂ ਰਹਿਤ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਅਪਾਰ ਗੁਣਾਂ ਨੂੰ (ਸਨਕਾਦਿ) ਸਨਕ ਸਨੰਦਨ ਸਨਾਤਨ ਸਨਤਕੁਮਾਰ ਆਦਿ ਬ੍ਰਹਮਾ ਦੇ ਸਪੁੱਤ੍ਰ, ਗੁਰਮੁਖਿ ਸਾਧ, ਗੁਰਮੁਖਿ (ਸਿਧਾਦਿਕ) ਸਿੱਧ ਆਦਿਕ ਸਾਰੇ (ਗਾਵਹਿ) ਗੌਂਦੇ ਹਨ। ਮਹਾਰਾਜ ਜੀ ਦੇ ਗੁਣ ਗੁਰਮੁਖਿ (ਮੁਨਿ) ਮੁਨੀ ਜਨ ਭੀ (ਗਾਵਹਿ) ਗੌਂਦੇ ਹਨ।

ਅ-ਟਲ- ਗਾਵੈ ਗੁਣ ਧੋਮੁ. ਅਟਲ ਮੰਡਲਵੈ; ਭਗਤਿ ਭਾਇ, ਰਸੁ ਜਾਣਿਓ॥

;ਧ੍ਰੂਅ ਅਟਲੁ. ਅਜਹੂ, ਨ ਟਰਿਓ॥੩॥ ਬਿਅੰਤ ਬ੍ਰਹਮੰਡ ਦੇ (ਮੰਡਲਵੈ) ਮੰਡਲ 'ਚ (ਅਟਲ) ਅਚੱਲ (ਧੋਮੁ) ਗੁਰਮੁਖਿ ਧ੍ਰੂ ਭਗਤ ਜੀ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਅਪਾਰ ਸੱਚੇ ਨਿਰਮਲ ਗੁਣ ਰੋਮ ਰੋਮ ਦੇ ਪਿਆਰ ਨਾਲ (ਗਾਵੈ) ਗੌਂਦੇ ਹਨ। ਯਥਾ:- ਅਟਲ ਭਇਓ ਧ੍ਰੂਅ. ਜਾ ਕੈ ਸਿਮਰਨਿ; ਅਰੁ ਨਿਰਭੈ ਪਦੁ ਪਾਇਆ॥ ਜਿਨ੍ਹਾਂ ਨੇ (ਭਾਇ) ਪ੍ਰੇਮਾ (ਭਗਤਿ) ਭਗਤੀ ਕਰਕੇ ਨਿਰਗੁਨ ਬ੍ਰਹਮ ਜੀ ਦਾ

ਅੰਮ੍ਰਿਤ ਰਸੁ (ਜਾਣਿਓ) ਜਾਣਿਆ ਜੀ।

ਸੁ-ਜਸੁ- ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੩॥

(ਕਬਿ) ਕਵੀ ਗੁਰਮੁਖਿ ਬ੍ਰਹਮ ਸਰੂਪ ਭੱਟ ਕਲ ਜੀ ਫ਼ੁਰਮੌਂਦੇ ਹਨ:- ਪਰਮਪੂਜਨੀਕ ਗੁਰ ਨਾਨਕ ਦੇਵ ਸਾਹਿਬ ਜੀ ਦਾ (ਸੁ+ਜਸੁ) (ਸੁ) ਸ੍ਰੇਸਟ ਜਸੁ (ਗਾਵਉ) ਗੌਣਾ ਕਰੋ ਜੀ। (ਜਿਨਿ) ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ (ਰਾਜੁ) ਪ੍ਰਕਾਸ ਸਰੂਪ ਬ੍ਰਹਮ ਜੀ ਦੇ ਅਖੰਡ ਜੋਤਿ ’ਚ (ਜੋਗੁ) ਜੁੜ ਕੇ, ਅਟੱਲ ਗੁਰਤਾਗੱਦੀ ’ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ ਰਾਜੁ ਜੋਗੁ ਦਾ ਸ੍ਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ (ਮਾਣਿਓ) ਮਾਣਿਆ ਜੀ। ਸਭਨਾਂ ਦੇ ਮਨਾਂ ਇੰਦ੍ਰਿਆਂ ’ਤੇ ਰਾਜ ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਨ ’ਤੇ ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ, ਗੁਰਤਾ ਸਿੰਘਾਸਨ ਅਥਵਾ ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ ’ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ ਗੁਰੂ ਪ੍ਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ ਪੂਤ ਸਭ ਪਦਾਰਥ ਬਖ਼ਸ਼ਦੇ ਹਨ। ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥ ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ।

ਗਾਵਹਿ ਕਪਿਲਾਦਿ, ਆਦਿ ਜੋਗੇਸੁਰ; ਅਪਰੰਪਰ ਅਵਤਾਰ ਵਰੋ॥

ਵਿਸ਼ਨੂੰ ਜੀ ਦਾ ਅਵਤਾਰ, ਗੁਰਮੁਖਿ (ਕਪਿਲਾਦਿ) ਕਪਲਮੁਨੀ ਆਦਿਕ, ਗੁਰਮੁਖਿ (ਜੋਗੇਸੁਰ) ਜੋਗੀਆਂ ਦੇ ਈਸਰ, ਰੱਬ ਰੂਪ ਜੋਗੀ ਆਦਿ ਸਾਰੇ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਸੱਚੇ ਅਨੇਕ ਸ਼ੁਭ ਗੁਰਮੁਖਿ ਗੁਣ (ਗਾਵਹਿ) ਗੌਂਦੇ ਹਨ। ਜੋ (ਵਰੋ) ਸ੍ਰੇਸਟ (ਵਰੋ) ਪਤੀ ਪ੍ਰਮਾਤਮਾ (ਅਪਰੰਪਰ) ਪਾਰਾਵਾਰ ਰਹਿਤ ਬੇਅੰਤ ਜੋਤਿ ਸਰੂਪ ਨਿਰਗੁਨ ਬ੍ਰਹਮ ਜੀ ਦੇ (ਵਰੋ) ਸ੍ਰੇਸਟ ਪੂਰਨ ਸਰਗੁਨ ਅਵਤਾਰ ਹਨ। ਯਥਾ:- ਜੋਤਿ ਰੂਪਿ ਹਰਿ ਆਪਿ; ਗੁਰੂ ਨਾਨਕੁ ਕਹਾਯਉ॥

ਗਾਵੈ ਜਮਦਗਨਿ, ਪਰਸਰਾਮੇਸੁਰ ਕਰ ਕੁਠਾਰੁ; ਰਘੁ. ਤੇਜੁ ਹਰਿਓ॥

ਬ੍ਰਾਹਮਣ ਜਮਦਗਨਿ ਅਤੇ (ਕਰ) ਹੱਥ ’ਚ (ਕੁਠਾਰੁ) ਕੁਹਾੜਾ ਫੜਨ ਵਾਲਾ ਉਸ ਦਾ ਜ਼ਾਲਮ, ਚੰਡਾਲ, ਮਹਾਂ ਪਾਪੀ, ਘੋਰ ਭਿਆਨਕ ਜ਼ੁਲਮ ਕਰਨ ਵਾਲਾ, ਇੱਕੀ ਵਾਰੀ ਛੱਤ੍ਰੀਆਂ ਨੂੰ ਵੱਢ ਕੇ ਉਨ੍ਹਾਂ ਦੇ ਖ਼ੂਨ ’ਚ ਨ੍ਹੈਣ ਵਾਲਾ ਕੁਪੁੱਤ੍ਰ (ਪਰਸਰਾਮੇਸੁਰ) ਪਰਸਰਾਮ, ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥

ਜੀ ਨੂੰ ਜੀ ਦੇ ਗੁਣ (ਗਾਵੈ) ਗੌਂਦੇ ਹਨ। ਜਿਸ ਪਰਸਰਾਮ ਦੇ ਪੈਰਾਂ ਨੂੰ (ਰਘੁ) ਸ੍ਰੀ ਰਾਮਚੰਦ੍ਰ ਜੀ ਨੇ ਹੱਥ ਲਾ ਕੇ ਸਾਰਾ (ਤੇਜੁ) ਪ੍ਰਤਾਪ (ਹਰਿਓ) ਨਾਸ ਕਰ ਦਿੱਤਾ ਸੀ। ਬਿਅੰਤ ਭਗਤ ਸਾਹਿਬਾਨ ਜੀ, ਬਿਅੰਤ ਬ੍ਰਹਮੰਡ ਗੁਰੂ ਸਾਹਿਬ ਜੀ ਨੂੰ ਗੌਂਦੇ ਹਨ ਜੀ ਰਾਮ ਜੀ!

ਉਧੌ ਅਕ੍ਰੂਰੁ, ਬਿਦਰੁ ਗੁਣ ਗਾਵੈ; ਸਰਬਾਤਮੁ ਜਿਨਿ ਜਾਣਿਓ॥

ਕ੍ਰਿਸ਼ਨ ਭਗਵਾਨ ਜੀ ਦੇ ਚਾਚੇ, ਗੁਰਮੁਖਿ ਉਧੌ, ਗੁਰਮੁਖਿ ਅਕ੍ਰੂਰੁ ਜੀ ਅਤੇ ਗੁਰਮੁਖਿ ਬਿਦਰੁ ਭਗਤ ਜੀ ਆਦਿ ਬਿਅੰਤ ਬ੍ਰਹਮੰਡ, ਅਸੰਖ ਭਗਤ, ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਣ (ਗਾਵੈ) ਗੌਂਦੇ ਹਨ। (ਜਿਨਿ) ਜਿਨ੍ਹਾਂ ਨੇ ਵਿਆਪਕ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ (ਸਰਬਾਤਮੁ) ਸਾਰਿਆਂ ਦੇ ਅਪਨਾ ਆਪ ਸਰੂਪ, ਪਾਰਬ੍ਰਹਮ ਕਰਕੇ (ਜਾਣਿਓ) ਜਾਣੇ, ਮੰਨੇ, ਪੂਜੇ, ਧਿਆਏ, ਗਾਏ ਜੀ। ਯਥਾ:- ਰਾਮ; ਹਮ. ਸਤਿਗੁਰ ਪਾਰਬ੍ਰਹਮ ਕਰਿ ਮਾਨੇ॥

ਹੁਣ ਅਸੰਖ ਚੰਦ ਚੜ੍ਹੇ ਹੋਏ ਹਨ, ਨਿਰਗੁਨ ਬ੍ਰਹਮ ਜੀ ਆਪਣੇ 'ਚੋਂ ਪ੍ਰਗਟ ਕੀਤੇ, ਅਸੰਖ ਚੰਦ੍ਰਮਿਆਂ ਸਮੇਤ ਹੁਣ ਜਪ ਰਹੇ ਹਨ, ਨਾਨਕ. ਜੁਗਿ ਜੁਗਿ; ਗੁਰ ਗੋਪਾਲਾ॥ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਨਾਮ ਦੇ ਸੱਚੇ ਦਾਤੇ, ਆਪਿ ਨਰਾਇਣੁ. ਕਲਾ ਧਾਰਿ; ਜਗ ਮਹਿ ਪਰਵਰਿਯਉ॥ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਸੱਚੇ ਪਾਤਿਸ਼ਾਹ ਜੀ ਧੰਨ ਹਨ। ਨਿਰਗੁਨ ਬ੍ਰਹਮ ਜੀ ਆਪਣੇ 'ਚੋਂ ਪ੍ਰਗਟ ਕੀਤੇ ਅਸੰਖ ਪਤਾਲ਼ਾਂ ਸਮੇਤ, ਹੁਣ ਜਪ ਰਹੇ ਹਨ, ਪਰਮਪੂਜਨੀਕ ਧੰਨ ਨਾਰਾਇਣ ਨਿਜ ਰੂਪੁ ਧਰਿ ਨਾਥਾ ਨਾਥ ਸਨਾਥ ਕਰਾਇਆ॥ ਵਾਹਿਗੁਰੂ ਸੱਚੇ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਸੱਚੇ ਪਾਤਿਸ਼ਾਹ ਜੀ ਧੰਨ ਹਨ।

ਸੁ-ਜਸੁ- ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੪॥

(ਕਬਿ) ਕਵੀ ਗੁਰਮੁਖਿ ਬ੍ਰਹਮ ਸਰੂਪ ਭੱਟ ਕਲ ਜੀ ਫ਼ੁਰਮੌਂਦੇ ਹਨ:- ਪਰਮਪੂਜਨੀਕ ਗੁਰ ਨਾਨਕ ਦੇਵ ਸਾਹਿਬ ਜੀ ਦਾ (ਸੁ+ਜਸੁ) (ਸੁ) ਸ੍ਰੇਸਟ ਜਸੁ (ਗਾਵਉ) ਗੌਣਾ ਕਰੋ ਜੀ। (ਜਿਨਿ) ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ (ਰਾਜੁ) ਪ੍ਰਕਾਸ ਸਰੂਪ ਬ੍ਰਹਮ ਜੀ ਦੇ ਅਖੰਡ ਜੋਤਿ 'ਚ (ਜੋਗੁ) ਜੁੜ ਕੇ, ਅਟੱਲ ਗੁਰਤਾਗੱਦੀ 'ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ ਰਾਜੁ ਜੋਗੁ ਦਾ ਸ੍ਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ (ਮਾਣਿਓ) ਮਾਣਿਆ ਜੀ ਰਾਮ ਜੀ। ਸਭਨਾਂ ਦੇ ਮਨਾਂ ਇੰਦ੍ਰਿਆਂ 'ਤੇ ਰਾਜ ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਨ 'ਤੇ

ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ, ਗੁਰਤਾ ਸਿੰਘਾਸਨ ਅਥਵਾ ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ 'ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ ਗੁਰੂ ਪ੍ਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ ਪੂਤ ਸਭ ਪਦਾਰਥ ਬਖ਼ਸ਼ਦੇ ਹਨ। ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥ ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ।

ਗਾਵਹਿ ਗੁਣ, ਬਰਨ ਚਾਰਿ, ਖਟ ਦਰਸਨ; ਬ੍ਰਹਮਾਦਿਕ ਸਿਮਰੰਥਿ ਗੁਨਾ॥

ਚਾਰਿ ਬਰਨ ਬ੍ਰਹਮਣ, ਖੱਤ੍ਰੀ, ਵੈਸ਼, ਸ਼ੂਦ੍ਰ, (ਖਟ) ਛੇ (ਦਰਸਨ) ਭੇਖ ਭਾਵ ਜੋਗੀ, ਜੰਗਮ, ਸ੍ਰੇਵੜੇ, ਸੰਨਿਆਸੀ, ਦਰਵੇਸ਼ ਅਤੇ ਬਿੱਪਰ, ਵਾਹਿਗੁਰੂ ਮਹੱਲੇ ਪਹਿਲੇ ਜੀ ਦੇ ਗੁਣ (ਗਾਵਹਿ) ਗੌਂਦੇ ਹਨ। (ਬ੍ਰਹਮਾਦਿਕ) ਬ੍ਰਹਮਾ ਆਦਿ ਸਾਰੇ ਦੇਵਤੇ ਭੀ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਸੱਚੇ ਪਾਤਿਸ਼ਾਹ ਜੀ ਦੇ ਗੁਨਾ ਨੂੰ (ਸਿਮਰੰਥਿ) ਸਿਮਰਦੇ ਹਨ। ਯਥਾ:- ਸਿਮਰਹਿ ਸਿਧ ਸਾਧਿਕ; ਹਰਿ ਮੰਤਾ॥

ਗਾਵੈ ਗੁਣ. ਸੇਸੁ ਸਹਸ ਜਿਹਬਾ ਰਸ; ਆਦਿ ਅੰਤਿ ਲਿਵ ਲਾਗਿ ਧੁਨਾ॥

(ਸੇਸੁ) ਸ਼ੇਸ਼ਨਾਗ (ਸਹਸ) ਹਜ਼ਾਰ ਮੁਖਾਂ ਦੁਆਰਾ, ਦੋ ਹਜ਼ਾਰ (ਜਿਹਬਾ) ਰਸਨਾਂ ਨਾਲ (ਰਸ) ਪ੍ਰੇਮ ਨਾਲ ਵਾਹਿਗੁਰੂ ਮਹੱਲੇ ਪਹਿਲੇ ਜੀ ਦੇ ਗੁਣ (ਗਾਵੈ) ਗੌਂਦਾ ਹੈ ਜੀ। ਆਦਿ ਤੋਂ ਅੰਤਿ ਤੱਕ ਉਸ ਦੀ ਲਿਵ, ਜਸ ਦੀਆਂ ਧੁਨਾ 'ਚ ਲਾਗਿ ਰਹੀ ਹੈ। ਯਥਾ:- ਸੇਸਨਾਗ. ਸਿਰ ਸਹਸ ਬਨਾਈ॥ ਦ੍ਵੈ ਸਹੰਸ; ਰਸਨਾਹ ਸੁਹਾਈ॥ ਰਟਤ ਅਬ ਲਗੇ; ਨਾਮ ਅਪਾਰਾ॥ ਤੁਮਰੋ; ਤਊ ਨ ਪਾਵਤ ਪਾਰਾ॥ ਤਥਾ:- ਸਹਸ ਫਨੀ ਸੇਖ; ਅੰਤੁ. ਨ ਜਾਨੈ॥ ਨਵਤਨ ਨਾਮ, ਜਪੈ ਦਿਨੁ ਰਾਤੀ; ਇਕੁ ਗੁਣੁ, ਨਾਹੀ ਪ੍ਰਭ ਕਹਿ ਸੰਗਾ॥੧੬॥

ਗਾਵੈ ਗੁਣ. ਮਹਾਦੇਉ ਬੈਰਾਗੀ; ਜਿਨਿ ਧਿਆਨ ਨਿਰੰਤਰਿ ਜਾਣਿਓ॥

ਅੱਠਾਸੀ ਹਜ਼ਾਰ ਵਰ੍ਹੇ ਸਮਾਧੀ ਲੈਣ ਵਾਲੇ ਬੈਰਾਗੀ (ਮਹਾਦੇਉ) ਸ਼ਿਵ ਜੀ, ਅਤੇ ਕਈ ਕੋਟਿ; ਭਏ ਬੈਰਾਗੀ॥ ਰਾਮ ਨਾਮ ਸੰਗਿ; ਤਿਨਿ ਲਿਵ ਲਾਗੀ॥ ਅਨੁਸਾਰ ਬੈਰਾਗੀ ਪ੍ਰੇਮੀ ਤੇ (ਜਿਨਿ) ਜਿਨ੍ਹਾਂ ਨੇ (ਨਿਰੰਤਰਿ) ਇੱਕ ਰਸ ਧਿਆਨ ਅੰਦਰ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੂੰ (ਨਿਰੰਤਰਿ) ਇੱਕ ਰਸ ਵਿਆਪਕ (ਜਾਣਿਓ) ਜਾਣੇ, ਉਹ ਸਾਰੇ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਸੱਚੇ ਪਾਤਿਸ਼ਾਹ ਜੀ ਦੇ ਗੁਣ (ਗਾਵੈ) ਗੌਂਦੇ ਹਨ। ਯਥਾ:- ਸਿਮਰਹਿ; ਬ੍ਰਹਮੇ ਬਿਸਨ ਮਹੇਸਾ॥ ਸਿਮਰਹਿ; ਦੇਵਤੇ ਕੋੜਿ

ਤੇਤੀਸਾ॥ ਸਿਮਰਹਿ ਜਖ੍ਹ, ਦੈਤ ਸਭਿ ਸਿਮਰਹਿ; ਅਗਨਤੁ. ਨ ਜਾਈ ਜਸੁ ਗਨਾ॥੩॥

ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੫॥

(ਕਬਿ) ਕਵੀ ਗੁਰਮੁਖਿ ਬ੍ਰਹਮ ਸਰੂਪ ਭੱਟ ਕਲ ਜੀ ਫ਼ੁਰਮੌਂਦੇ ਹਨ:- ਪਰਮਪੂਜਨੀਕ ਗੁਰ ਨਾਨਕ ਦੇਵ ਸਾਹਿਬ ਜੀ ਦਾ (ਸੁ+ਜਸੁ) (ਸੁ) ਸ੍ਰੇਸਟ ਜਸੁ (ਗਾਵਉ) ਗੌਣਾ ਕਰੋ ਜੀ। (ਜਿਨਿ) ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ (ਰਾਜੁ) ਪ੍ਰਕਾਸ ਸਰੂਪ ਬ੍ਰਹਮ ਜੀ ਦੇ ਅਖੰਡ ਜੋਤਿ ’ਚ (ਜੋਗੁ) ਜੁੜ ਕੇ, ਅਟੱਲ ਗੁਰਤਾਗੱਦੀ ’ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ ਰਾਜੁ ਜੋਗੁ ਦਾ ਸ੍ਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ (ਮਾਣਿਓ) ਮਾਣਿਆ। ਸਭਨਾਂ ਦੇ ਮਨਾਂ ਇੰਦ੍ਰਿਆਂ ’ਤੇ ਰਾਜ ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਨ ’ਤੇ ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ, ਗੁਰਤਾ ਸਿੰਘਾਸਨ ਅਥਵਾ ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ ’ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ ਗੁਰੂ ਪ੍ਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ ਪੂਤ ਸਭ ਪਦਾਰਥ ਬਖ਼ਸ਼ਦੇ ਹਨ। ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥ ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ।

ਰਾਜੁ ਜੋਗੁ ਮਾਣਿਓ; ਬਸਿਓ ਨਿਰਵੈਰੁ ਰਿਦੰਤਰਿ॥

ਹੇ ਪਾਰਬ੍ਰਹਮ ਕਰਤਾਰ ਸਤਿਗੁਰੂ ਨਾਨਕਦੇਵ ਸਾਹਿਬ ਜੀ! ਆਪ ਜੀ ਨੇ ਵਿਆਪਕ (ਰਾਜੁ) ਪ੍ਰਕਾਸ ਸਰੂਪ ਬ੍ਰਹਮ ਜੀ ’ਚ (ਜੋਗੁ) ਜੁੜ ਕੇ, ਜੁੜਨ ਦਾ ਅਨੰਦ, ਮਾਇਆ ਤੋਂ ਨਿਰਲੇਪ ਰਹਿ ਕੇ (ਮਾਣਿਓ) ਮਾਣਿਆ ਹੈ। ਆਪ ਜੀ ਦੇ (ਰਿਦੰਤਰਿ) ਰਿਦੇ ਰੋਮ ਰੋਮ ’ਚ ਨਿਰਵੈਰੁ ਪਾਰਬ੍ਰਹਮ ਜੀ (ਬਸਿਓ) ਵਸੇ ਹਨ।

ਉਧ-ਰੀ- ਸ੍ਰਿਸਟਿ ਸਗਲ ਉਧਰੀ; ਨਾਮਿ ਲੇ. ਤਰਿਓ ਨਿਰੰਤਰਿ॥

ਹੇ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ! ਆਪ ਜੀ ਦੇ ਸੱਚੇ ਮਿੱਠੇ ਪਰਉਪਕਾਰੀ ਚਰਨਕਮਲਾਂ ਨਾਲ ਲੱਗ ਕੇ (ਸਗਲ) ਸਾਰੀ (ਸ੍ਰਿਸਟਿ) ਸ੍ਰਿਸਟੀ, ਬਿਅੰਤ ਬ੍ਰਹਮੰਡ ਦੀ ਰਚਨਾ (ਉਧਰੀ) ਤਰੀ ਹੈ, ਤਰ ਰਹੀ ਹੈ, ਤਰੇਗੀ। ਯਥਾ:- ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥੧੨॥ ਆਪ ਜੀ ਦਾ ਅਥਵਾ ਆਪ ਜੀ ਤੋਂ ਨਾਮਿ ਗੁਰਬਾਣੀ ਜੀ (ਲੇ) ਲੈ ਕੇ, ਦਿਨ ਰਾਤ ਜਪ

ਜਪਾ ਕੇ, ਗੁਰਮੁਖਿ ਜਨ (ਨਿਰੰਤਰਿ) ਇੱਕ ਰਸ (ਤਰਿਓ) ਤਰ ਗਏ। ਯਥਾ:- ਕਲਿਜੁਗੁ. ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ। ਕਲਿ ਤਾਰਣਿ, ਗੁਰੁ ਨਾਨਕ ਆਇਆ॥੨੩॥ ਤਥਾ:- ਕਲਿਜੁਗੁ ਉਧਾਰਿਆ; ਗੁਰਦੇਵ॥ ਮਲ ਮੂਤ ਮੂੜ. ਜਿ ਮੁਘਦ ਹੋਤੇ; ਸਭਿ ਲਗੇ ਤੇਰੀ ਸੇਵ॥੧॥ਰਹਾਉ॥) ਭਗਤਿ ਕਬੀਰ ਰਵਿਦਾਸ ਨਾਮਦੇਵ ਅਨਨਜ ਸੇਵ ਪਦ ਪਾਏ॥ ਸਧਨਾ ਸੈਨ ਧੰਨਾ ਤ੍ਰਿਲੋਚਨ ਬੇਨੀ ਸੁਗਮ ਤਰਾਏ॥ ਸ਼ਬਦ ਜਹਾਜ ਸਤਿਗੁਰੁ ਹੈ ਕਰਨਧਾਰ ਤਹਿ ਚੜ ਸਿਖ ਲੰਘਾਏ॥ ਭਵ ਸਾਗਰ ਤੇ ਤਰਹਗੇ ਭਗਤਾ ਜਿਨ ਬਿਸ੍ਰਾਸ ਕਰਾਏ॥੪॥੯੧੧॥੧੪੪੩॥੩੭੬੨॥

ਜੁੱਗਹ ਲੱਗਿ- ਗੁਣ ਗਾਵਹਿ. ਸਨਕਾਦਿ ਆਦਿ; ਜਨਕਾਦਿ ਜੁਗਹ ਲਗਿ॥

ਹੇ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ! ਸਿਵ ਸੇ ਤਪਸੀ ਆਦਿ ਬ੍ਰਹਮਾ ਸੇ ਨ ਬੇਦਚਾਰੀ; ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈ॥ ਅਨੁਸਾਰ ਗੁਰਮੁਖਿ (ਸਨਕਾਦਿ) ਸਨਕ ਸਨੰਦਨ ਸਨਾਤਨ ਸਨਤਕੁਮਾਰ ਆਦਿ ਬ੍ਰਹਮਾ ਜੀ ਦੇ ਸਪੁੱਤ੍ਰ, ਅਤੇ ਸਾਰੇ ਗੁਰਮੁਖਿ ਰਿਸ਼ੀ ਮੁਨੀ ਆਦਿ, ਆਪ ਜੀ ਦੇ ਗੁਰਮੁਖਿ ਗੁਣ (ਗਾਵਹਿ) ਗੌਂਦੇ ਹਨ। ਗੁਰਮੁਖਿ ਜਨਕਿ; ਹਰਿ ਨਾਮਿ ਲਿਵ ਲਾਈ॥ ਅਨੁਸਾਰ (ਜਨਕਾਦਿ) ਗੁਰਮੁਖਿ ਸੁਧਰਮੀ ਰਾਜਾ ਜਨਕ ਜੀ ਆਦਿ ਗੁਰਮੁਖਿ ਸੁਧਰਮੀ ਰਾਜੇ (ਜੁਗਹ) ਜੁੱਗਾਂ ਜੁੱਗਾਂ ਤੋਂ ਆਪ ਜੀ ਦੇ ਸੱਚੇ ਚਰਨਕਮਲਾਂ ਨਾਲ ਲਗਿ ਕੇ ਗੁਣ ਗੌਂਦੇ ਹਨ।

ਯ ਸਵਾਰ ਕੇ, ਤਾਲੂ ਤੋਂ ਬੋਲ। ਸਕ ਪੋਲਾ ਸਕ-ਯੱਥੁ-

ਧੰਨਿ ਧੰਨਿ ਗੁਰੁ ਧੰਨਿ; ਜਨਮੁ ਸਕਯਥੁ ਭਲੌ ਜਗਿ॥

ਹੇ ਗੁਰੁ ਨਾਨਕਦੇਵ ਸਾਹਿਬ ਜੀ! ਆਪ ਜੀ ਧੰਨਿ ਧੰਨਿ ਧੰਨਿ ਹੋਂ ਜੀ। ਆਪ ਜੀ ਸ਼ੁਭ ਸੱਚੇ ਪੰਜਵੇਂ ਅਵਤਾਰ 'ਚ ਤੱਤੀ ਤਵੀ 'ਤੇ ਖੜ੍ਹ ਰਹੇ ਹੋਂ, ਸ਼ੁਭ ਸੱਚੇ ਨੌਵੇਂ ਅਵਤਾਰ 'ਚ ਸੀਸ ਕੁਰਬਾਨ ਕਰ ਰਹੇ ਹੋਂ, ਸ਼ੁਭ ਸੱਚੇ ਦਸਵੇਂ ਅਵਤਾਰ 'ਚ ਸਰਬੰਸ ਕੁਰਬਾਨ ਕਰ ਰਹੇ ਹੋਂ, ਗੁਰੂ ਖ਼ਾਲਸਾ ਪੰਥ ਸਜਾ ਰਹੇ ਹੋਂ, ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਬਖ਼ਸ਼ ਕੇ, ਪੰਜਾਂ ਪਿਆਰਿਆਂ ਦੇ ਸਨਮੁਖ ਅਪਣੇ ਗਲ਼ 'ਚ ਪੱਲਾ ਪਾ ਕੇ, ਗੁਰਮੁਖਿ ਸੀਸ ਝੁਕਾਅ ਕੇ ਅੰਮ੍ਰਿਤ ਦੀ ਦਾਤ ਮੰਗ ਕੇ ਛਕ ਰਹੇ ਹੋਂ ਜੀ। ਦਾਤ ਬਖ਼ਸ਼ ਕੇ ਦਾਤੇ ਨਹੀਂ ਬਣੇ, ਸਗੋਂ ਮੰਗਤੇ ਬਣ ਕੇ, ਨੀਚਾ ਅੰਦਰਿ ਨੀਚ ਜਾਤਿ; ਨੀਚੀ ਹੂ ਅਤਿ ਨੀਚੁ॥ ਅਨੁਸਾਰ ਗ੍ਰੀਬੀ ਹੀ ਗ੍ਰੀਬੀ ਕਮਾ ਕੇ ਦਿਖਾਈ। ਆਪ ਜੀ ਨੇ (ਜਗਿ) ਬਿਅੰਤ ਬ੍ਰਹਮੰਡ ਦੇ (ਭਲੌ) ਭਲੇ ਲਈ ਭਾਵ ਡੁੱਬਦੇ ਪੱਥਰਾਂ ਨੂੰ ਤਾਰਨ ਲਈ (ਸਕਯਥੁ) ਸਫਲ ਸ਼ੁਭ ਸੱਚਾ ਗੁਰਮੁਖਿ (ਜਨਮੁ) ਅਵਤਾਰ ਧਾਰਿਆ ਜੀ।

ਯਥਾ:- ਸੁਣੀ ਪੁਕਾਰਿ ਦਾਤਾਰ ਪ੍ਰਭੁ; ਗੁਰੁ ਨਾਨਕ ਜਗ ਮਾਹਿ ਪਠਾਇਆ।) ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥) ਸ੍ਰੀ ਗੁਰੁ ਨਾਨਕ ਆਪ ਪਰਮੇਸ੍ਵਰ, ਅਵਤਾਰ ਲਿਯੌ ਸ਼ੁਭ ਵੰਸ਼ ਪ੍ਰਧਾਨਾ॥) ਦੋਹਰਾ॥ ਤਿਨ ਬੇਦੀਯਨ ਕੇ ਕੁਲ ਬਿਖੈ, ਪ੍ਰਗਟੇ ਨਾਨਕ ਰਾਇ॥ ਸਭ ਸਿੱਖਨ ਕੋ ਸੁਖ ਦਏ, ਜੱਹ ਤੱਹ ਭਏ ਸਹਾਇ॥੪॥੨੦੩॥ ਚੌਪਈ॥ ਤਿਨ ਇਹ ਕਲ ਮੋ, ਧਰਮੁ ਚਲਾਯੋ॥ ਸਭ ਸਾਧਨ ਕੋ, ਰਾਹੁ ਬਤਾਯੋ॥ ਜੋ ਤਾਂ ਕੇ ਮਾਰਗਿ ਮਹਿ, ਆਏ॥ ਤੇ, ਕਬਹੂੰ ਨਹੀ ਪਾਪ ਸੰਤਾਏ॥੫॥੨੦੪॥ ਜੇ ਜੇ, ਪੰਥ ਤਵਨ ਕੇ ਪਰੇ॥ ਪਾਪ ਤਾਪ, ਤਿਨ ਕੇ, ਪ੍ਰਭ ਹਰੇ॥ ਦੂਖ ਭੂਖ, ਕਬਹੂੰ ਨ ਸੰਤਾਏ॥ ਜਾਲ ਕਾਲ ਕੇ ਬੀਚ, ਨ ਆਏ॥੬॥੨੦੫॥

ਦੂਜਾ ਅਰਥ:- ਹੇ ਗੁਰੁ ਨਾਨਕਦੇਵ ਸਾਹਿਬ ਜੀ! ਜਿਨੀ ਤੁਧਨੋ ਧੰਨੁ ਕਹਿਆ; ਤਿਨ ਜਮੁ ਨੇੜਿ ਨ. ਆਇਆ॥) ਸਭਿ ਧੰਨੁ ਕਹਹੁ. ਗੁਰੁ ਸਤਿਗੁਰੂ. ਗੁਰੁ ਸਤਿਗੁਰੂ; ਜਿਤੁ ਮਿਲਿ ਹਰਿ ਪੜਦਾ ਕਜਿਆ॥੭॥ ਅਨੁਸਾਰ ਜਿਨ੍ਹਾਂ ਗੁਰਮੁਖਾਂ ਨੇ ਆਪ ਜੀ ਨੂੰ ਰੋਮ ਰੋਮ ਨਾਲ ਧੰਨਿ ਧੰਨਿ ਧੰਨਿ ਕਹਿ ਕੇ ਜਪੇ ਜਪਾਏ, ਉਨ੍ਹਾਂ ਦਾ ਜਨਮੁ (ਸਕਯਥੁ) ਸਫਲਾ ਅਤੇ ਜਗਿ ’ਤੇ ਆਇਆ (ਭਲੌ) ਚੰਗਾ ਹੈ। ਯਥਾ:- ਆਇਆ ਸਫਲ; ਤਾਹੂ ਕੋ ਗਨੀਐ॥ ਜਾਸੁ ਰਸਨ; ਹਰਿ ਹਰਿ ਜਸੁ ਭਨੀਐ॥

ਪਾਤਾਲ ਪੁਰੀ ਜੈਕਾਰ ਧੁਨਿ; ਕਬਿ ਜਨ ਕਲ ਵਖਾਣਿਓ॥

ਬ੍ਰਹਮ ਸਰੂਪ ਗੁਰਮੁਖਿ (ਕਬਿ) ਕਵੀ ਜਨ ਭੱਟ ਕਲ ਜੀ (ਵਖਾਣਿਓ) ਕਥਨ ਕਰਦੇ ਹਨ:- ਲੱਖਾਂ (ਪਾਤਾਲ) ਪਾਤਾਲਾਂ ਆਕਾਸਾਂ (ਪੁਰੀ) ਪੁਰੀਆਂ ’ਚ ;ਧਨੁ ਨਾਨਕ ਤੇਰੀ ਵਡੀ ਕਮਾਈ। ਦੀ ਜੈ ਜੈਕਾਰ ਦੀ (ਧੁਨਿ) ਧੁਨੀ ਹੋ ਰਹੀ ਹੈ। ਯਥਾ:- ਨਾਨਕ. ਬਹੁਤਾ ਏਹੋ ਆਖਣੁ; ਸਭ ਤੇਰੀ ਵਡਿਆਈ॥੧॥) ਪ੍ਰਗਟ ਪ੍ਰਤਾਪੁ ਵਰਤਾਇਓ; ਸਭੁ ਲੋਕੁ ਕਰੈ ਜੈਕਾਰੁ ਜੀਉ॥੧੭॥) ਹਰਿ ਮਨਿ ਤਨਿ. ਵਸਿਆ ਸੋਈ॥ ਜੈ ਜੈਕਾਰੁ ਕਰੇ ਸਭੁ ਕੋਈ॥ ਗੁਰ ਪੂਰੇ ਕੀ ਵਡਿਆਈ॥ ਤਾ ਕੀ ਕੀਮਤਿ; ਕਹੀ. ਨ ਜਾਈ॥੧॥) ਜੈ ਜੈਕਾਰੁ ਹੋਤੁ ਜਗ ਭੀਤਰਿ; ਸਬਦੁ ਗੁਰੂ ਰਸੁ ਚਾਖੈ॥੧॥

ਹਰਿ ਨਾਮ ਰਸਿਕ ਨਾਨਕ ਗੁਰ; ਰਾਜੁ ਜੋਗੁ ਤੈ ਮਾਣਿਓ॥੬॥

ਹੇ ਧੰਨ (ਗੁਰ ਨਾਨਕ) ਗੁਰ ਨਾਨਕਦੇਵ ਗੋਵਿੰਦ ਰੂਪ॥ ਸਾਹਿਬ ਜੀ! (ਤੈ) ਆਪ ਜੀ ਨੇ (ਹਰਿ) ਵਾਹਿਗੁਰੂ ਜੀ ਦੇ ਸੱਚੇ ਨਾਮ ’ਚ (ਰਸਿਕ) ਰਸ ਰਸ ਕੇ ਨਾਮ ਰਸੀਏ ਬਣ ਕੇ (ਰਾਜੁ) ਪ੍ਰਕਾਸ ਸਰੂਪ ਬ੍ਰਹਮ ਜੀ ’ਚ (ਜੋਗੁ) ਜੁੜ ਕੇ ਮਹਾਂ ਵਿਸਮਾਦ ਅਨੰਦ (ਮਾਣਿਓ) ਮਾਣਿਆ ਜੀ ਰਾਮ ਜੀ!

ਸਤਜੁਗਿ. ਤੈ ਮਾਣਿਓ; ਛਲਿਓ ਬਲਿ, ਬਾਵਨ ਭਾਇਓ॥

ਹੇ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ! ਸਤਜੁਗਿ ’ਚ (ਤੈ) ਆਪ ਜੀ ਨੇ ਅਨੰਦ (ਮਾਣਿਓ) ਮਾਣਿਆ। ਆਪ ਜੀ ਨੂੰ ਬਾਵਨ ਅਵਤਾਰ ਧਾਰਨਾ (ਭਾਇਓ) ਚੰਗਾ ਲੱਗਾ ਅਤੇ ਬਲਿ ਰਾਜੇ ਨੂੰ (ਛਲਿਓ) ਠੱਗਿਆ। ਯਥਾ:- ਕਰਉ ਅਢਾਈ. ਧਰਤੀ ਮਾਂਗੀ; ਬਾਵਨ ਰੂਪਿ ਬਹਾਨੈ॥ ਕਿਉ ਪਇਆਲਿ ਜਾਇ. ਕਿਉ ਛਲੀਐ; ਜੇ ਬਲਿ ਰੂਪੁ ਪਛਾਨੈ॥੩॥) ਤੁਮੀ ਬਾਵਨੀ ਹ੍ਵੈ, ਤਿਨੋ ਲੋਗ ਮਾਪੇ॥

ਦੂਜਾ ਅਰਥ:- ਸੰਸਾਰ ’ਤੇ ਪਾਪ ਵਧਨ ਤੋਂ, ਬਲਿ ਰਾਜਾ ਅਤਿ ਹੰਕਾਰੀ ਹੋ ਕੇ ਘੋਰ ਜ਼ੁਲਮ ਕਰਨ ਤੋਂ ਜੀਵਾਂ ਨੇ ਪੁਕਾਰ ਕੀਤੀ, ਤਾਂ ਆਪ ਜੀ ਨੂੰ (ਭਾਇਓ) ਭਾਇਆ ਤਾਂ ਆਪ ਜੀ ਨੇ ਵਿਸ਼ਨੂੰ ਜੀ ਨੂੰ ਬਾਵਨ ਅਵਤਾਰ ਧਾਰਨ ਦਾ ਹੁਕਮ ਦਿਤਾ। ਤਾਂ ਢਾਈ ਕਰਮਾਂ ਦੀ ਧਰਤੀ ਮੰਗ ਕੇ ਵਿਰਾਟ ਸਰੂਪ ਧਾਰ ਕੇ ਇੱਕ ਕਦਮ ’ਚ ਧਰਤੀ, ਦੋ ਕਰਮਾਂ ’ਚ ਤਿੰਨ ਲੋਕ ਮਿਣ ਲਏ ਅਤੇ ਅਧਾ ਕਰਮ ਬਲਿ ਰਾਜੇ ਦੇ ਮੋਢੇ ’ਤੇ ਰੱਖ ਕੇ, ਨਪ ਕੇ ਉਸ ਨੂੰ ਸੱਤਮੇ ਪਤਾਲ ’ਚ ਧੱਕ ਕੇ (ਛਲਿਓ) ਠੱਗਿਆ। ਇਉਂ ਸਤਜੁਗਿ ’ਚ (ਤੈ) ਆਪ ਜੀ ਨੇ ਅਨੰਦ (ਮਾਣਿਓ) ਮਾਣਿਆ। ਯਥਾ:- ਭੁਜੰਗ॥ ਦੀਯੋ ਆਇਸੰ, ਕਾਲ ਪੁਰਖੰ ਅਪਾਰੰ॥ ਧਰੋ ਬਾਵਨਾ ਬਿਸਨੁ, ਅਸਟਮਵਤਾਰੰ॥ ਲਈ ਬਿਸਨੁ ਆਗਿਆ, ਚਲਿਯੋ ਧਾਇ ਐਸੇ॥ ਲਹਯੋ ਦਾਰਦੀ, ਭੂਪ ਭੰਡਾਰ ਜੈਸੇ॥੩॥੧੪੬॥) ਚੌਪਈ॥ ਏਕੈ ਪਾਂਵ, ਪਤਾਰਹ ਛੂਆ॥ ਦੂਸਰ ਪਾਂਵ, ਗਗਨ ਲਉ ਹੂਆ॥ ਭਿਦਯੋ, ਅੰਡ ਬ੍ਰਹਮੰਡ ਅਪਾਰਾ॥ ਤਿਹ ਤੇ ਗਿਰੀ, ਗੰਗ ਕੀ ਧਾਰਾ॥੨੨॥੧੬੫॥) ਗੁਣ ਗਾਵੈ ਬਲਿ ਰਾਉ; ਸਪਤ ਪਾਤਾਲਿ ਬਸੰਤੌ॥

ਪ੍ਰੇਮ ਪ੍ਰਚਾਰ:- ਗੁਰੂ ਗ੍ਰੀਬ ਨਿਵਾਜ ਸਤਿਗੁਰੂ ਵਾਹਿਗੁਰੂ ਜੀ ਗਰਬ ਪ੍ਰਹਾਰੀ ਹਨ। ਬਲਿ ਰਾਜੇ ਨੇ ਜੱਗ ਕਰਕੇ ਹੰਕਾਰ ਕੀਤਾ ਕਿ “ਮੈ ਵੱਡਾ ਦਾਨੀ ਹਾਂ” ਤਾਂ ਉਸ ਦਾ ਮਾਨ ਮੇਟਣ ਲਈ ਬਾਵਨ ਅਵਤਾਰ ਧਾਰ ਕੇ ਹੰਕਾਰ ਮੇਟਿਆ। ਯਥਾ:- ਪ੍ਰਭੁ ਨਾਰਾਇਣੁ; ਗਰਬ ਪ੍ਰਹਾਰੀ॥) ਬਲਿ ਰਾਜਾ; ਮਾਇਆ ਅਹੰਕਾਰੀ॥ ਜਗਨ ਕਰੈ; ਬਹੁ ਭਾਰ ਅਫਾਰੀ॥ ਬਿਨੁ ਗੁਰ ਪੂਛੇ; ਜਾਇ ਪਇਆਰੀ॥੨॥

ਤ੍ਰੇਤੈ ਤੈ ਮਾਣਿਓ; ਰਾਮੁ ਰਘੁਵੰਸੁ ਕਹਾਇਓ॥

ਹੇ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ! ਤ੍ਰੇਤੈ ’ਚ (ਤੈ) ਆਪ ਜੀ ਨੇ ਅਨੰਦ (ਮਾਣਿਓ) ਮਾਣਿਆ। (ਰਘੁਵੰਸੁ) ਰਘੁ ਰਾਜੇ ਦੀ ਬੰਸ ’ਚ ਗੁਰਮੁਖਿ; ਸਾਇਰਿ ਪਾਹਣ ਤਾਰੇ॥ ਅਨੁਸਾਰ ਗੁਰਮੁਖਿ ਸ੍ਰੀ ਰਾਮੁ ਚੰਦ੍ਰ ਜੀ (ਕਹਾਇਓ) ਕਹਾਏ। ਯਥਾ:- ਤੁਮੀ ਰਾਮ ਹ੍ਵੈਕੈ; ਦਸਾਗ੍ਰੀਵ ਖੰਡਯੋ॥ ਧਰਮ ਨਿਆਇ ਦਾ ਧਰਮੀ

ਰਾਜ ਕੀਤਾ, ਪਰਜਾ ਨੂੰ ਸੁਖ ਦਿਤਾ। ਰਾਜੇ ਬਣ ਕੇ ਚੰਗੇ ਚਾਲ ਚੱਲਣ ਵਾਲੇ, ਜਤੀ ਸਤੀ ਨਿਰਮਲ ਰਹੇ, ਬਭੀਖਨ ਨੂੰ ਲੰਕਾ ਦਾ ਰਾਜ ਦੀਤਾ। ਯਥਾ:- ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥

ਦੂਜਾ ਅਰਥ:- ਤੈਥੋ ਹੀ ਬਲੁ ਰਾਮ ਲੈ; ਨਾਲ ਬਾਣਾ ਦਹਸਿਰੁ ਘਾਇਆ॥ ਅਨੁਸਾਰ ਤ੍ਰੇਤੈ 'ਚ (ਤੈ) ਆਪ ਜੀ ਨੇ ਅਨੰਦ ਇਉਂ (ਮਾਣਿਓ) ਮਾਣਿਆ ਕਿ ਵਿਸ਼ਨੂੰ ਜੀ ਨੇ ਆਪ ਜੀ ਤੋਂ ਬਲ ਪ੍ਰਾਪਤ ਕਰਕੇ (ਰਘੁਵੰਸੁ) ਰਘੂ ਰਾਜੇ ਦੀ ਬੰਸ 'ਚ ਗੁਰਮੁਖਿ; ਸਾਇਰਿ ਪਾਹਣ ਤਾਰੇ॥ ਅਨੁਸਾਰ ਗੁਰਮੁਖਿ ਸ੍ਰੀ ਰਾਮੁ ਚੰਦ੍ਰ ਜੀ (ਕਹਾਇਓ) ਕਹਾਏ। ਯਥਾ:- ਬਿਸਨਾਦਿਕ ਦੇਵ, ਲਖੇ ਬਿਮਨੰ॥ ਮ੍ਰਿਦ ਹਾਸ ਕਰੀ, ਕਰਿ ਕਾਲਿ ਧੁਨੰ॥ ਅਵਤਾਰ ਧਰੋ, ਰਘੁਨਾਥ ਹਰੰ॥ ਚਿਰ ਰਾਜ ਕਰੋ, ਸੁਖ ਸੋ ਅਵਧੰ॥੪॥

ਦੁਆਪੁਰਿ. ਕ੍ਰਿਸਨ ਮੁਰਾਰਿ; ਕੰਸੁ ਕਿਰਤਾਰਥੁ ਕੀਓ॥

ਹੇ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ! ਦੁਆਪੁਰਿ 'ਚ ਕ੍ਰਿਸਨ ਮੁਰਾਰਿ ਅਵਤਾਰ ਧਾਰ ਕੇ, ਅਪਣੇ ਜ਼ਾਲਮ ਮਾਮੇ ਕੰਸੁ ਨੂੰ ਮਾਰ ਕੇ, ਉਸ ਨੂੰ ਕਿਰਤਾਰਥੁ (ਕੀਓ) ਕੀਤਾ ਭਾਵ ਉਸ ਦੀ ਕਲਿਆਣ ਕੀਤੀ। ਯਥਾ:- ਤੁਮੀ ਕ੍ਰਿਸਨ ਹ੍ਵੈ, ਕੰਸ ਕੇਸੀਂ ਬਿਹੰਡਯੋ॥

ਦੂਜਾ ਅਰਥ:- ਤੈਥੋ ਹੀ ਬਲੁ ਕ੍ਰਿਸਨ ਲੈ, ਕੰਸੁ ਕੇਸੀਂ ਪਕੜਿ ਗਿਰਾਇਆ॥ ਅਨੁਸਾਰ ਦੁਆਪੁਰਿ 'ਚ ਵਿਸ਼ਨੂੰ ਜੀ ਨੇ ਆਪ ਜੀ ਤੋਂ ਬਲ ਪ੍ਰਾਪਤ ਕਰਕੇ, ਕ੍ਰਿਸਨ ਮੁਰਾਰਿ ਜੀ ਦਾ ਅਵਤਾਰ ਧਾਰ ਕੇ, ਅਪਣੇ ਜ਼ਾਲਮ ਮਾਮੇ ਕੰਸੁ ਨੂੰ ਮਾਰ ਕੇ, ਉਸ ਨੂੰ ਕਿਰਤਾਰਥੁ (ਕੀਓ) ਕੀਤਾ। ਯਥਾ:- ਚੌਪਈ॥ ਬ੍ਰਹਮਾ ਗਯੋ, ਛੀਰ ਨਿਧਿ ਜਹਾਂ॥ ਕਾਲ ਪੁਰਖ, ਇਸਥਿਤ ਥੇ ਤਹਾਂ॥ ਕਹ੍ਯੋ ਬਿਸਨੁ ਕਹ, ਨਿਕਟਿ ਬੁਲਾਈ॥ ਕ੍ਰਿਸਨ ਅਵਤਾਰ ਧਰੋ ਤੁਮ ਜਾਈ॥੨॥ ਦੋਹਰਾ॥ ਕਾਲ ਪੁਰਖ ਕੇ ਬਚਨ ਤੇ, ਸੰਤਨ ਹੇਤ ਸਹਾਇ॥ ਮਥੁਰਾ ਮੰਡਲ ਕੇ ਬਿਖੈ, ਜਨਮੁ ਧਰਯੋ ਹਰਿ ਰਾਇ॥੩॥

ਉੱਗ੍ਰਸੈਣ। ਅ-ਭੈ ਪੋਲਾ- ਉਗ੍ਰਸੈਣ ਕਉ ਰਾਜੁ; ਅਭੈ ਭਗਤਹ ਜਨ ਦੀਓ॥

ਅਪਣੇ ਜ਼ਾਲਮ ਹੰਕਾਰੀ ਮਾਮੇ ਕੰਸ ਨੂੰ ਮਾਰ ਕੇ, ਅਪਣੇ ਗੁਰਮੁਖਿ ਨਾਨੇ ਉਗ੍ਰਸੈਣ (ਕਉ) ਨੂੰ ਰਾਜੁ ਬਖ਼ਸ਼ਿਆ। ਅਪਣੇ (ਜਨ) ਪਿਆਰੇ (ਭਗਤਹ) ਭਗਤ ਜਨਾਂ ਨੂੰ (ਅ+ਭੈ) ਭੈ ਤੋਂ (ਅ) ਰਹਿਤ ਪਦਵੀ (ਦੀਓ) ਬਖ਼ਸ਼ੀ ਅਥਵਾ (ਅ+ਭੈ) ਨਿਰਭੈ ਦਰਸਨ (ਦੀਓ) ਬਖ਼ਸ਼ੇ ਜੀ ਰਾਮ ਜੀ!

ਕਲਿਜੁਗਿ. ਪ੍ਰਮਾਣੁ ਨਾਨਕ ਗੁਰੁ; ਅੰਗਦੁ ਅਮਰੁ, ਕਹਾਇਓ॥

ਕਲਿਜੁਗਿ 'ਚ ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਧੰਨ ਧੰਨ ਧੰਨ ਗੁਰੁ ਨਾਨਕ ਦੇਵ ਸਾਹਿਬ ਜੀ, ਪਰਮਪੂਜਨੀਕ ਇੱਕ ਜੋਤਿ ਧੰਨ ਧੰਨ ਧੰਨ ਗੁਰੂ ਅੰਗਦੁ ਦੇਵ ਸਾਹਿਬ ਜੀ, ਧੰਨ ਧੰਨ ਧੰਨ ਗੁਰੂ ਅਮਰੁ ਦਾਸ ਸਾਹਿਬ ਜੀ ਸੱਚੇ ਪਾਰਬ੍ਰਹਮ ਨਿਰਗੁਨ ਵਾਹਿਗੁਰੂ ਜੀ ਦੇ (ਪ੍ਰਮਾਣੁ) ਪ੍ਰਮਾਣੀਕ, ਪੂਰਨ ਅਨਤ ਕਲਾ ਹੋਇ ਠਾਕੁਰੁ ਚੜਿਆ॥ ਗੁਰ ਅਵਤਾਰ (ਕਹਾਇਓ) ਕਹਾਏ। ਯਥਾ:- ਰਾਮ; ਹਮ. ਸਤਿਗੁਰ ਪਾਰਬ੍ਰਹਮ ਕਰਿ ਮਾਨੇ॥) ਨਾਨਕ, ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ, ਇਹ ਜਗ ਮੋਂ ਕਰਾ॥ ਅਮਰਦਾਸ ਪੁਨਿ, ਨਾਮੁ ਕਹਾਯੋ॥ ਜਨ ਦੀਪਕ ਤੇ, ਦੀਪ ਜਗਾਯੋ॥੭॥੨੦੬॥

ਅ-ਟਲੁ- ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ; ਆਦਿ ਪੁਰਖਿ ਫੁਰਮਾਇਓ॥੭॥

ਹਰਿ ਜੁਗਹ ਜੁਗੋ, ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ. ਚਲੰਦੀ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ; ਜਿਨੀ ਗੁਰਮੁਖਿ ਨਾਮੁ ਧਿਆਇਆ॥ ਅਨੁਸਾਰ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਦਾ ਰਾਜੁ (ਅਬਿਚਲੁ) ਅਚੱਲ, ਜੁੱਗੋ ਜੁੱਗ (ਅਟਲੁ) ਅਚੱਲ ਹੈ ਜੀ। ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੇ ਆਦਿ ਪੁਰਖਿ ਸੱਚੇ ਬ੍ਰਹਮ ਜੀ ਦਾ ਸੱਚਾ ਹੁਕਮ (ਫੁਰਮਾਇਓ) ਫੁਰਮਾਇਆ ਭਾਵ ਧੁਰ ਕੇ ਸੱਚੇ ਅੰਮ੍ਰਿਤ ਗੁਰਬਾਣੀ ਜੀ ਉਚਾਰੇ, ਗਾਏ, ਧਿਆਏ, ਪੂਜੇ, ਪੂਜਾਏ ਜੀ। ਯਥਾ:- ਜੈਸੀ ਮੈ ਆਵੈ, ਖਸਮ ਕੀ ਬਾਣੀ; ਤੈਸੜਾ ਕਰੀ ਗਿਆਨੁ. ਵੇ ਲਾਲੋ॥) ਕਹਿਯੋ ਪ੍ਰਭੁ ਸੁ ਭਾਖਿ ਹੌਂ॥ ਕਿਸੂ ਨ ਕਾਨ ਰਾਖਿ ਹੌਂ॥) ਸਤਿਗੁਰੁ ਨਾਨਕ ਅੰਸ ਕਲਾ ਪ੍ਰਭੁ ਤਿਨ ਸੁਭ ਗ੍ਰੰਥ ਬਖਾਨੇ॥ ਨਾਮ ਉਪਾਸਨ ਨਾਮ ਅਰਾਧਨ ਨਾਮਹਿ ਜਪੁ ਤ੍ਰਿਪਤਾਨੇ॥ ਸਚੁ ਉਪਦੇਸ਼ ਸੰਗਤਿ ਕਉ ਦੀਨਾ ਬਸਤੁ ਨਾਮ ਨਿਰਬਾਨੇ॥ ਮਹਾਂਮੰਤ੍ਰ ਤਾਰਕ ਸਤਿਨਾਮਾ ਸੋ ਗੁਰੁ ਕੀਨੇ ਦਾਨੇ॥੩॥੯੧੦॥੧੪੪੨॥੩੭੬੧॥) ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥

ਗੁਣ ਗਾਵੈ ਰਵਿਦਾਸੁ; ਭਗਤੁ ਜੈਦੇਵ ਤ੍ਰਿਲੋਚਨ॥

ਗੁਰਮੁਖਿ ਭਗਤ ਬ੍ਰਹਮ ਸ੍ਰੀ ਰਵਿਦਾਸੁ ਸਾਹਿਬ ਜੀ, ਗੁਰਮੁਖਿ ਭਗਤੁ ਬ੍ਰਹਮ ਸ੍ਰੀ ਜੈਦੇਵ ਸਾਹਿਬ ਜੀ, ਗੁਰਮੁਖਿ ਭਗਤ ਬ੍ਰਹਮ ਸ੍ਰੀ ਤ੍ਰਿਲੋਚਨ ਸਾਹਿਬ ਜੀ ਅਤੇ ਅਸੰਖ ਭਗਤ, ਬਿਅੰਤ ਬ੍ਰਹਮੰਡ ਦੇ ਜੀਅ ਜੰਤ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਰਮੁਖਿ ਗੁਣ (ਗਾਵੈ) ਗੌਂਦੇ ਹਨ। ਯਥਾ:- ਗਾਵਹਿ ਖੰਡ ਮੰਡਲ ਵਰਭੰਡਾ; ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ; ਰਤੇ ਤੇਰੇ ਭਗਤ ਰਸਾਲੇ॥) ਕਬੀਰਿ ਧਿਆਇਓ; ਏਕ ਰੰਗ॥ ਨਾਮਦੇਵ; ਹਰਿ ਜੀਉ ਬਸਹਿ ਸੰਗਿ॥ ਰਵਿਦਾਸ ਧਿਆਏ; ਪ੍ਰਭ ਅਨੂਪ॥ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥

ਨਾਮਾ ਭਗਤੁ ਕਬੀਰੁ; ਸਦਾ ਗਾਵਹਿ. ਸਮ ਲੋਚਨ॥

ਨਿਰਗੁਨ ਕਰਤਾ; ਸਰਗੁਨ ਕਰਤਾ॥ ਗੁਰਪ੍ਰਸਾਦਿ; ਨਾਨਕ ਸਮਦ੍ਰਿਸਟਾ॥੨॥੧॥ ਅਨੁਸਾਰ ਸਮ (ਲੋਚਨ) ਦ੍ਰਿਸਟੀ ਵਾਲੇ ਗੁਰਮੁਖਿ ਭਗਤ ਸ੍ਰੀ ਰਾਮ ਸਰੂਪ (ਨਾਮਾ) ਨਾਮਦੇਵ ਸਾਹਿਬ ਜੀ, ਗੁਰਮੁਖਿ ਭਗਤੁ ਸ੍ਰੀ ਰਾਮ ਸਰੂਪ ਕਬੀਰੁ ਸਾਹਿਬ ਜੀ, ਅਨੇਕ ਬ੍ਰਹਮੰਡ ਦੇ ਭਗਤ ਸਦਾ ਇੱਕ ਰਸ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਰਮੁਖਿ ਗੁਣ (ਗਾਵਹਿ) ਗੌਂਦੇ ਹਨ। ਗੁਣ ਗਾ ਕੇ, ਵਿਸਮਾਦ ਹੋ ਰਹੇ ਹਨ। ਯਥਾ:- ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ; ਗੁਨ ਗਾਇ ਰਹੇ ਹੈਰਾਨ॥

ਭਗਤੁ ਬੇਣਿ. ਗੁਣ ਰਵੈ; ਸਹਜਿ ਆਤਮ ਰੰਗੁ ਮਾਣੈ॥

ਗੁਰਮੁਖਿ ਭਗਤੁ ਸ੍ਰੀ ਰਾਮ ਸਰੂਪ (ਬੇਣਿ) ਬੇਣੀ ਸਾਹਿਬ ਜੀ, ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਰਮੁਖਿ (ਗੁਣ) ਗੁਣਾਂ ਨੂੰ ਗਾ ਕੇ (ਰਵੈ) ਉਚਾਰਦੇ ਹਨ। ਗੁਣ ਉਚਾਰ ਕੇ, (ਸਹਜਿ) ਨਿਰਯਤਨ ਆਤਮ (ਰੰਗੁ) ਅਨੰਦ (ਮਾਣੈ) ਮਾਣਦੇ ਹਨ। ਯਥਾ:- ਬੇਣੀ ਕਉ; ਗੁਰਿ ਕੀਓ ਪ੍ਰਗਾਸੁ॥

ਜੋਗ ਧਿਆਨਿ ਗੁਰ ਗਿਆਨਿ; ਬਿਨਾ ਪ੍ਰਭ. ਅਵਰੁ ਨ ਜਾਣੈ॥

(ਗੁਰ) ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਚਰਨਕਮਲਾਂ ਦਾ ਧਿਆਨਿ 'ਚ (ਜੋਗ) ਜੁੜੇ ਹਨ, ਬ੍ਰਹਮ ਗਿਆਨਿ ਪ੍ਰਾਪਤ ਗੁਰਮੁਖਿ ਬ੍ਰਹਮ ਸਰੂਪ ਭਗਤਾਂ ਨੇ (ਪ੍ਰਭ) ਸੱਚੇ ਪਤੀ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਤੋਂ ਬਿਨਾ (ਅਵਰੁ) ਹੋਰ ਕਿਸੇ ਨੂੰ (ਨ) ਨਹੀਂ (ਜਾਣੈ) ਜਾਣਦੇ। ਯਥਾ:- ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥) ਗੁਰੂ ਨਾਨਕ ਆਮਦ ਨਰਾਇਨ ਸਰੂਪ; ਹਮਾਨਾ ਨਿਰੰਜਨ ਨਿਰੰਕਾਰ ਰੂਪ॥੧॥) ਆਪਿ ਨਰਾਇਣੁ. ਕਲਾ ਧਾਰਿ; ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ; ਜੋਤਿ. ਜਗ ਮੰਡਲਿ ਕਰਿਯਉ॥

ਅਥਵਾ (ਗੁਰ) ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਸੱਚੇ ਬ੍ਰਹਮ ਵਾਹਿਗੁਰੂ ਜੀ ਦੇ ਧਿਆਨਿ 'ਚ (ਜੋਗ) ਜੁੜੇ ਹਨ, ਬ੍ਰਹਮ ਗਿਆਨਿ ਪ੍ਰਾਪਤ ਹੈ, ਬ੍ਰਹਮ ਗਿਆਨਿ ਗੁਰਸਿੱਖਾਂ ਨੂੰ ਬਖ਼ਸ਼ਦੇ ਹਨ। (ਪ੍ਰਭ) ਸੱਚੇ ਪਤੀ ਵਾਹਿਗੁਰੂ ਜੀ ਤੋਂ ਬਿਨਾ (ਅਵਰੁ) ਹੋਰ ਕਿਸੇ ਨੂੰ (ਨ) ਨਹੀਂ (ਜਾਣੈ) ਜਾਣਦੇ। ਯਥਾ:- ਸ੍ਵੈਯਾ॥ ਪਾਂਇ ਗਹੇ. ਜਬ ਤੇ ਤੁਮਰੇ; ਤਬ ਤੇ. ਕੋਊ ਆਂਖ ਤਰੇ ਨਹੀ ਆਨਜੋ॥ ਰਾਮ ਰਹੀਮ. ਪੁਰਾਨ ਕੁਰਾਨ; ਅਨੇਕ ਕਹੈਂ ਮਤ. ਏਕ ਨ ਮਾਨਜੋ॥ ਸਿੰਮ੍ਰਿਤਿ ਸਾਸਤ੍ਰ ਬੇਦ ਸਭੈ; ਬਹੁ ਭੇਦ ਕਹੈ. ਹਮ ਏਕ ਨ ਜਾਨਜੋ॥ ਸ੍ਰੀ ਅਸਿਪਾਨ. ਕ੍ਰਿਪਾ ਤੁਮਰੀ ਕਰਿ; ਮੈ ਨ ਕਹਜੋ. ਸਭ ਤੋਹਿ ਬਖਾਨਜੋ॥

ਪਰੀਖਿਅਤੁ- ਸੁਖਦੇਉ ਪਰੀਖ੍ਹਤੁ. ਗੁਣ ਰਵੈ; ਗੋਤਮ ਰਿਖਿ. ਜਸੁ ਗਾਇਓ॥

ਗੁਰਮੁਖਿ ਭਗਤ (ਸੁਖਦੇਉ) ਸੁਖਦੇਵ ਜੀ, ਗੁਰਮੁਖਿ (ਪਰੀਖ੍ਹਤੁ) ਰਾਜਾ ਪਰੀਛਤ ਜੀ, ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਰਮੁਖਿ ਗੁਣ (ਗਾਵੈ) ਗੌਂਦੇ ਹਨ। ਗੋਤਮ (ਰਿਖਿ) ਰਿਖੀ ਜੀ ਨੇ ਭੀ ਸਤਿਗੁਰੂ ਸਾਹਿਬ ਜੀ ਦਾ ਜਸੁ (ਗਾਇਓ) ਗਾਇਆ। ਯਥਾ:- ਗਾਵਨਿ ਤੁਧਨੋ, ਪੰਡਿਤ ਪੜਨਿ ਰਖੀਸੁਰ; ਜੁਗੁ ਜੁਗੁ ਵੇਦਾ ਨਾਲੇ॥

ਕਬਿ ਕਲ. ਸੁਜਸੁ ਨਾਨਕ ਗੁਰ; ਨਿਤ ਨਵਤਨੁ ਜਗਿ ਛਾਇਓ॥੮॥

ਗੁਰਮੁਖਿ ਬ੍ਰਹਮ ਸਰੂਪ (ਕਬਿ) ਕਵੀ ਭੱਟ ਕਲ ਜੀ ਫ਼ੁਰਮੌਂਦੇ ਹਨ:- ਅਬਿਨਾਸੀ ਗੁਰ ਨਾਨਕ ਦੇਵ ਸਾਹਿਬ ਜੀ ਦਾ ਨਿਰਗੁਨ ਨਿਰੰਕਾਰ (ਸੁ+ਜਸੁ) (ਸੁ) ਸ੍ਰੇਸਟ ਜਸੁ ਨਿਤ (ਨਵਤਨੁ) ਨਵਾ ਅਤੇ ਸਾਰੇ ਜਗਿ, ਬੇਅੰਤ ਬ੍ਰਹਮੰਡ ’ਚ (ਛਾਇਓ) ਛਾਇਆ ਹੈ। ਯਥਾ:- ਗੁਣ ਨਿਧਾਨੁ ਨਵਤਨੁ ਸਦਾ; ਪੂਰਨ ਜਾ ਕੀ ਦਾਤਿ॥) ਸਾਹਿਬੁ ਮੇਰਾ ਨੀਤ ਨਵਾ; ਸਦਾ ਸਦਾ ਦਾਤਾਰੁ॥੧॥ਰਹਾਉ॥) ਮੇਰੇ ਲਾਲਨ ਕੀ ਸੋਭਾ॥ ਸਦ ਨਵਤਨ; ਮਨ ਰੰਗੀ ਸੋਭਾ॥੧॥ਰਹਾਉ॥

ਯਾ ਸਵਾਰ ਕੇ, ਤਾਲੂ ਤੋਂ ਬੋਲ ਪਾ-ਯਾ-ਲਿ ਪਤਾਲ ਵਿੱਚ। ਭੁ-ਯੰਗਮ-

ਗੁਣ ਗਾਵਹਿ ਪਾਯਾਲਿ; ਭਗਤ ਨਾਗਾਦਿ ਭੁਯੰਗਮ॥

ਲੱਖਾਂ (ਪਾਯਾਲਿ) ਪਾਤਾਲ ਦੇ ਜੀਵ, ਭਗਤ (ਨਾਗਾਦਿ) ਸ਼ੇਸ਼ਨਾਗ ਦੋ ਹਜ਼ਾਰ ਰਸਨਾਂ ਨਾਲ, ਆਦਿ ਸਾਰੇ (ਭੁਯੰਗਮ) ਸੱਪ, ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਰਮੁਖਿ ਗੁਣ (ਗਾਵਹਿ) ਗੌਂਦੇ ਹਨ। ਜਿਵੇਂ ਸ਼ੇਸ਼ਨਾਗ ਜੀ ਨੇ ਗੁਣ ਗੌਂਦਿਆਂ, ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੂੰ ਛਾਂ ਕੀਤੀ। ਇੱਥੇ ਹੁਣ ਗੁਰਦੁਆਰਾ ਮਾਲ ਸਾਹਿਬ ਜੀ ਹਨ। ਯਥਾ:- ਸੇਸਨਾਗ, ਸਿਰ ਸਹਸ ਬਨਾਈ॥ ਦ੍ਵੈ ਸਹੰਸ, ਰਸਨਾਹ ਸੁਹਾਈ॥ ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ, ਤਊ ਨ ਪਾਵਤ ਪਾਰਾ॥੬॥੧੦੭॥) ਰਾਇਬੁਲਾਰ ਤਾਈਂ ਸਰਧਾ ਦਿਤੀ ਸੱਪ ਛਾਂਇ ਕਰਿ, ਬ੍ਰਿਛ ਅਚੱਲ ਛਾਂਇ ਪ੍ਰੀਤੀ ਉਰਧਾਰ ਹੈ॥੭॥

ਜਤਿ ਪੋਲਾ- ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ॥

(ਮਹਾਦੇਉ) ਸ਼ਿਵ ਜੀ, ਗੁਰਮੁਖਿ ਜੋਗੀ, ਗੁਰਮੁਖਿ (ਜਤਿ) ਜਤੀ ਅਤੇ ਸ਼ਿਵ ਜੀ, ਪਾਰਬਤੀ ਜੀ ਦੇ ਵਿਆਹ ਦੇ ਗੀਤ ਗੌਣ ਵਾਲੇ ਜੰਗਮ ਸਾਰੇ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਸੱਚੇ ਸੁੱਚੇ ਉੱਚੇ ਪਰਉਪਕਾਰਾਂ ਦੇ ਗੁਣ ਸਦਾ ਗਾ ਕੇ (ਰਵੈ) ਉਚਾਰਦੇ ਹਨ। ਜਿਵੇਂ ਦੌਲਤਾਂ ਦਾਈ ਨੂੰ ਨਿਹਾਲ ਕੀਤਾ,

ਰਾਏ ਬੁਲਾਰ ਜੀ ਨੂੰ ਤਾਰਿਆ, ਸੱਪ ਨੇ ਛਾਂ ਕੀਤੀ, ਗੋਪਾਲ ਪਾਂਧੇ ਨੂੰ ਤਾਰਿਆ, ਨੂਰਦੀਨ ਖ਼ਾਂ ਮੁੱਲਾਂ ਨੂੰ ਤਾਰਿਆ, ਪਰਮਪੂਜਨੀਕ ਸੱਚੇ ਚਰਨਾਂ ਨਾਲ ਮੱਕਾ ਘੁਮਾਇਆ, ਕੌੜੇ ਰੀਠੇ ਮਿੱਠੇ ਕੀਤੇ, ਸੱਜਣ ਠੱਗ, ਭੂਮੀਏ ਚੋਰ, ਕਾਰੂ ਪਾਤਿਸਾਹ, ਲਾਜਵਰਦ ਅਤੇ ਦੇਵਲੂਤ ਆਦਿ ਰਾਕਸ਼ਾਂ ਨੂੰ ਤਾਰਿਆ। ਯਥਾ:- ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥੧੨॥) ਖੰਡ ਬ੍ਰਹਮੰਡ ਉਧਾਰਣਹਾਰਾ॥ ਊਚ ਅਥਾਹ ਅਗੰਮ ਅਪਾਰਾ॥) ਤਾਰੇ ਗਨੇ ਜਾਤ; ਤੇਰੇ ਤਾਰੇ ਨਾ ਗਿਨਾਤ ਹੈ।

ਬ੍ਯਾਸੁ: ਬਿਆਸੁ। ਬ੍ਯਾਕਰਣ: ਬਿਆਕਰਣ,ਬੀ-ਚਾਰਿਅ-

ਗੁਣ ਗਾਵੈ. ਮੁਨਿ ਬ੍ਯਾਸੁ; ਜਿਨਿ. ਬੇਦ ਬ੍ਯਾਕਰਣ ਬੀਚਾਰਿਅ॥

(ਬ੍ਯਾਸੁ) ਬਿਆਸ (ਮੁਨਿ) ਮੁਨੀ ਜੀ (ਜਿਨਿ) ਜਿਨ੍ਹਾਂ ਨੇ ਵਿੱਦਿਆਰਥੀਆਂ ਸਮੇਤ ਚਾਰ ਬੇਦ ਅਤੇ ਬੇਦਾਂ ਦੀ (ਬ੍ਯਾਕਰਣ) ਬਿਆਕਰਣ (ਬੀਚਾਰਿਅ) ਬੀਚਾਰੀ, ਉਹ ਬਿਆਸ ਜੀ, ਵਿੱਦਿਆਰਥੀਆਂ ਨਾਲ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਗੁਣ (ਗਾਵੈ) ਗੌਂਦੇ ਹਨ ਜੀ ਰਾਮ ਜੀ! ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥ ਅਨੁਸਾਰ ਸਾਰੀਆਂ ਘਟਾਂ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦਾ ਜਸ ਬੋਲ ਰਹੀਆਂ ਹਨ ਅਤੇ ਸਾਰੀਆਂ ਘਟਾਂ 'ਚ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਵਸ ਰਹੇ ਹਨ। ਯਥਾ:- ਘਟਿ ਘਟਿ ਮੈ ਹਰਿ ਜੂ ਬਸੈ; ਸੰਤਨ ਕਹਿਓ ਪੁਕਾਰਿ॥ ਕਹੁ ਨਾਨਕ. ਤਿਹ ਭਜੁ ਮਨਾ; ਭਉਨਿਧਿ ਉਤਰਹਿ ਪਾਰਿ॥੧੨॥

ਬ੍ਰਹਮਾ ਗੁਣ ਉਚਰੈ; ਜਿਨਿ ਹੁਕਮਿ, ਸਭ ਸ੍ਰਿਸਟਿ ਸਵਾਰੀਅ॥

(ਜਿਨਿ) ਜਿਨ੍ਹਾਂ ਵਾਹਿਗੁਰੂ ਅਕਾਲਪੁਰਖੁ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੇ ਅਪਣੇ ਸੱਚੇ ਖਰੇ ਹੁਕਮਿ ਦੁਆਰਾ (ਸਭ) ਸਾਰੀ (ਸ੍ਰਿਸਟਿ) ਖੰਡ ਬ੍ਰਹਮੰਡ ਦੀ ਰਚਨਾ, ਅੰਮ੍ਰਿਤ ਗੁਰਬਾਣੀ ਅੰਮ੍ਰਿਤ ਕੀਰਤਨ ਗਾ ਕੇ (ਸਵਾਰੀਅ) ਸਵਾਰਨਾ ਕੀਤੀ। ਯਥਾ:- ਹੁਕਮੀ, ਸਹਜੇ ਸ੍ਰਿਸਟਿ ਉਪਾਈ॥) ਤੂੰ ਕਰਤਾ ਪੁਰਖੁ ਅਗੰਮੁ ਹੈ; ਆਪਿ ਸ੍ਰਿਸਟਿ ਉਪਾਤੀ॥ ਬ੍ਰਹਮਾ ਜੀ ਉਨ੍ਹਾਂ ਦੇ ਪਰਮਪੂਜਨੀਕ ਸੱਚੇ ਸੁੱਚੇ ਉੱਚੇ ਬ੍ਰਹਮ ਸਰੂਪ (ਗੁਣ) ਗੁਣਾਂ ਨੂੰ ਗਾ ਕੇ (ਉਚਰੈ) ਉਚਾਰਦਾ ਹੈ। ਯਥਾ:- ਹਰਿ ਕੀ ਕਥਾ ਪਾਵਨ ਅਤਿ ਨੀਕੀ ਕਥਤਿ ਸਨਾਤਨਿ ਆਏ॥ ਬ੍ਰਹਮਾਦਿਕ ਸਨਕਾਦਿਕ ਨਾਰਦ ਸ਼ੇਸ਼ ਸਾਰਦਾ ਗਾਏ॥ ਇਸ ਲਈ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੀ ਸਰਨੀ ਪੈ ਕੇ, ਨਿਰਭੈ ਹੋਵੋ ਜੀ ਰਾਮ ਜੀ! ਯਥਾ:- ਜੋ ਜੋ ਸਰਣਿ ਪਰਿਓ ਗੁਰ ਨਾਨਕ; ਅਭੈ ਦਾਨੁ ਸੁਖ ਪਾਏ॥੪॥੧॥੯੧॥

ਬ੍ਰਹਮੰਡ ਖੰਡ ਪੂਰਨ ਬ੍ਰਹਮੁ; ਗੁਣ ਨਿਰਗੁਣ ਸਮ ਜਾਣਿਓ॥

(ਖੰਡ) ਖੰਡਾਂ (ਬ੍ਰਹਮੰਡ) ਬ੍ਰਹਮੰਡਾਂ 'ਚ ਧੰਨ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਪੂਰਨ ਬ੍ਰਹਮੁ ਸਰੂਪ ਹਨ। ਅਬਿਨਾਸੀ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੇ (ਨਿਰਗੁਣ) ਸ਼ੁਭ ਗੁਣਾਂ ਰਹਿਤ ਅਤੇ ਗੁਣ ਵਾਲੇ ਜੀਵ (ਸਮ) ਬਰਾਬਰ (ਜਾਣਿਓ) ਜਾਣੇ। ਸਾਰਿਆਂ 'ਚ ਨਿਰਗੁਣ ਨਿਰੰਕਾਰ ਵਾਹਿਗੁਰੂ ਜੀ (ਸਮ) ਸਮਾਏ, ਵਿਆਪਕ (ਜਾਣਿਓ) ਜਾਣੇ ਅਤੇ ਅੰਮ੍ਰਿਤ ਗੁਰਬਾਣੀ ਬਖ਼ਸ਼ ਕੇ, ਚੋਰੀ ਯਾਰੀ ਜੂਆ ਮਾੜੇ ਕੰਮ, ਜੀਆਂ ਨੂੰ ਕਤਲ (murder) ਕਰਨੇ, ਸ਼ਰਾਬ ਮਾਸ ਨਸ਼ੇ ਹੁੱਕਾ, ਸਿਗ੍ਰਟ, ਤਮਾਕੂ, ਬੀੜੀਆਂ ਛੱਡਾ ਕੇ, ਸਾਰਿਆਂ 'ਤੇ (ਗੁਣ) ਪਰਉਪਕਾਰ ਹੀ ਪਰਉਪਕਾਰ ਕੀਤੇ। ਬਾਂਹੋ ਫੜ ਕੇ, ਕਲਿਜੁੱਗ ਦੀ ਅੱਗ ਤੋਂ ਬਚਾਏ, ਹਰਿ ਜੁਗਹ ਜੁਗੋ, ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ. ਚਲੰਦੀ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ; ਜਿਨੀ ਗੁਰਮੁਖਿ ਨਾਮੁ ਧਿਆਇਆ॥ ਅਨੁਸਾਰ ਹੁਣ ਗੁਰਤਾਗੱਦੀ 'ਤੇ ਸੱਜ ਕੇ ਬਿਅੰਤ ਕਲਿਜੁੱਗੀ ਜੀਆਂ ਨੂੰ ਤਾਰ ਰਹੇ ਹਨ। ਯਥਾ:- ਨਾਨਕ. ਨਿਰਗੁਣਿ ਗੁਣੁ ਕਰੇ; ਗੁਣਵੰਤਿਆ, ਗੁਣੁ ਦੇ॥ ਤੇਹਾ. ਕੋਇ ਨ ਸੁਝਈ; ਜਿ. ਤਿਸੁ ਗੁਣੁ ਕੋਇ ਕਰੇ॥੭॥ ਤਥਾ:- ਸਤਿਗੁਰ ਕੀਨੋ ਪਰਉਪਕਾਰੁ॥ ਕਾਢਿ ਲੀਨ; ਸਾਗਰ ਸੰਸਾਰ॥) ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥੪॥੩॥੮॥ ਨਸ਼ਿਆਂ, ਮਾੜੇ ਇਖ਼ਲਾਕ ਕਰਕੇ, ਕਾਰੋਬਾਰ ਫ਼ੇਲ ਹੋ ਰਹੇ ਹਨ। ਇਨ੍ਹਾਂ ਕਰਕੇ, Corona, COVID, AIDS ਵਰਗੀਆਂ ਬਿਮਾਰੀਆਂ ਲੱਗਦੀਆਂ ਹਨ, ਜੀਆਂ ਦੇ ਕਤਲ ਹੋਏ ਹਨ, ਹੋ ਰਹੇ ਹਨ। ਧੰਨ ਗੁਰੂ ਨਾਨਕਦੇਵ ਸਾਹਿਬ ਜੀ ਨੇ ਇਹ ਮਾੜੇ ਕੰਮ ਛੁੱਡਾਏ ਹਨ।

ਜਪੁ ਕਲ. ਸੁਜਸੁ ਨਾਨਕ ਗੁਰ; ਸਹਜੁ ਜੋਗੁ ਜਿਨਿ ਮਾਣਿਓ॥੯॥

ਬ੍ਰਹਮ ਸਰੂਪ ਗੁਰਮੁਖਿ ਭੱਟ ਕਲ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ ਮਨ! ਤੂੰ ਅਬਿਨਾਸੀ ਗੁਰ ਨਾਨਕ ਦੇਵ ਸਾਹਿਬ ਜੀ ਦਾ (ਸੁਜਸੁ) ਸ੍ਰੇਸਟ ਜਸ ਦਿਨ ਰਾਤ (ਜਪੁ) ਜਪਣਾ ਕਰ। ਅਤੇ ਹੇ ਗੁਰੂ ਪਿਆਰੇ ਸੱਚਿਆਰੇ ਨਿਰਾਰੇ ਨਿਰਮਲ ਸੱਚੇ ਗੁਰਸਿੱਖੋ! ਆਪ ਜੀ ਭੀ ਜਪਣਾ ਜਪੌਣਾ ਕਰੋ ਜੀ ਰਾਮ ਜੀ! (ਜਿਨਿ) ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ (ਸਹਜੁ) ਨਿਰਯਤਨ ਵਿਆਪਕ ਬ੍ਰਹਮ ਜੀ 'ਚ (ਜੋਗੁ) ਜੁੜ ਕੇ, ਮਹਾਂ ਵਿਸਮਾਦ ਨਾਮ ਅੰਮ੍ਰਿਤ ਰਸ ਦਾ ਰੰਗ ਅਨੰਦ (ਮਾਣਿਓ) ਮਾਣਿਆ, ਅਪਣੇ ਪਿਆਰੇ ਗੁਰਸਿੱਖਾਂ ਭਗਤਾਂ ਨੂੰ ਬਖ਼ਸ਼ਿਆ ਤੇ ਸੱਚੇ ਪਰਉਪਕਾਰੀ ਚਰਨਕਮਲਾਂ ਨਾਲ ਤੁਰ ਕੇ, ਭੁੱਖੇ ਰਹਿ ਕੇ, ਬੜਾ ਸਫ਼ਰ ਤਹਿ ਕੀਤਾ। ਯਥਾ:- ਬਾਬੇ ਤਾਰੇ ਚਾਰਿ ਚਕਿ; ਨਉ ਖੰਡਿ ਪ੍ਰਿਥਮੀ ਸਚਾ ਢੋਆ। ਗੁਰਮੁਖਿ ਕਲਿ ਵਿਚ ਪਰਗਟੁ

ਹੋਆ॥੨੭॥ ਸੁਮੇਰ ਪਰਬਤ ’ਤੇ, ਸੱਚੇ ਚਰਨਕਮਲਾਂ ਨਾਲ ਤੁਰ ਕੇ ਚੜ੍ਹੇ, ਸਿੱਧ ਕਹਿੰਦੇ, “ਹੇ ਬਾਲਕ! ਤੈਨੂੰ ਕਿਹੜੀ ਸ਼ਕਤੀ ਇੱਥੇ ਲਿਆਈ ਹੈ? ਇੱਥੇ ਕੋਈ ਚੜ੍ਹ ਨਹੀਂ ਸਕਦਾ।” ਵੱਡੀ ਉਮਰ ਦੇ ਮਾਣ ’ਚ, ਅਕਾਲਪੁਰਖੁ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੂੰ ਬਾਲਕ ਆਖਿਆ। ਯਥਾ:- ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ। ਫਿਰਿ ਜਾਇ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ। ਚਉਰਾਸੀਹ ਸਿਧ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ। ਸਿਧ ਪੁਛਣਿ ਸੁਣਿ ਬਾਲਿਆ! ਕਉਣੁ ਸਕਤਿ ਤੁਹਿ ਏਥੇ ਲਿਆਈ। ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ। ਆਖਣਿ ਸਿਧ ਸੁਣਿ ਬਾਲਿਆ! ਆਪਣਾ ਨਾਉ ਤੁਮ ਦੇਹੁ ਬਤਾਈ। ਬਾਬਾ ਆਖੇ ਨਾਥ ਜੀ! ਨਾਨਕ ਨਾਮ ਜਪੇ ਗਤਿ ਪਾਈ। ਨੀਚੁ ਕਹਾਇ ਉਚ ਘਰਿ ਆਈ॥੨੮॥

ਗੁਣ ਗਾਵਹਿ. ਨਵ ਨਾਥ; ਧੰਨਿ ਗੁਰੁ ਸਾਚਿ ਸਮਾਇਓ॥

(ਨਵ) ਨੌਂ ਨਾਥ ਵਾਹਿਗੁਰੂ ਗੁਰ ਨਾਨਕ ਦੇਵ ਗੋਵਿੰਦ ਰੂਪ॥ ਜੀ ਦੇ ਗੁਰਮੁਖਿ ਗੁਣ (ਗਾਵਹਿ) ਗੌਂਦੇ ਹਨ। ਧੰਨਿ ਸੱਚੇ ਗੁਰੁ ਨਾਨਕਦੇਵ ਸਾਹਿਬ ਜੀ (ਸਾਚਿ) ਸੱਚੇ ਜੋਤੀ ਸਰੂਪ ਨਿਰਗੁਨ ਬ੍ਰਹਮ ਜੀ ’ਚ (ਸਮਾਇਓ) ਸਮਾਏ ਹਨ।

ਮਾਂਧਾਤਾ ਗੁਣ ਰਵੈ; ਜੇਨ ਚਕ੍ਰਵੈ ਕਹਾਇਓ॥

(ਮਾਂਧਾਤਾ) ਮਾਨਧਾਤਾ ਵਾਹਿਗੁਰੂ ਗੁਰ ਨਾਨਕ ਦੇਵ ਗੋਵਿੰਦ ਰੂਪ॥ ਜੀ ਦੇ ਗਹਿਰ ਗੰਭੀਰ (ਗੁਣ) ਗੁਣਾਂ ਨੂੰ ਗਾ ਕੇ (ਰਵੈ) ਉਚਾਰਦਾ ਹੈ। (ਜੇਨ) ਜਿਨ੍ਹਾਂ ਨੇ ਅਪਣੇ ਆਪ ਨੂੰ (ਚਕ੍ਰਵੈ) ਚੱਕ੍ਰਵਰਤੀ ਪਾਤਿਸ਼ਾਹ (ਕਹਾਇਓ) ਕਹਾਇਆ।

ਬਲ ਰਾਉ ਰਾਜਾ- ਗੁਣ ਗਾਵੈ ਬਲਿ ਰਾਉ; ਸਪਤ ਪਾਤਾਲਿ ਬਸੰਤੌ॥

ਜੋ (ਸਪਤ) ਸੱਤਵੇਂ ਪਾਤਾਲਿ ’ਚ (ਬਸੰਤੌ) ਵਸਦਾ ਹੈ। ਉਹ ਬਲਿ (ਰਾਉ) ਰਾਜਾ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਸ੍ਰੇਸਟ ਗੁਣ (ਗਾਵੈ) ਗੌਂਦਾ ਹੈ।

ਗੁਰ ਅਕਾਲ ’ਚ ਲੀਣ ਰਹੰਤੌ ਰਹਿੰਦੇ ਹੋਏ। ਉੱਚਰੈ-

ਭਰਥਰਿ ਗੁਣ ਉਚਰੈ; ਸਦਾ ਗੁਰ ਸੰਗਿ ਰਹੰਤੌ॥

ਗੁਰਮੁਖਿ ਜੋਗੀ (ਭਰਥਰਿ) ਭਰਥਰੀ ਜੀ, ਵਾਹਿਗੁਰੂ ਗੁਰ ਨਾਨਕ ਦੇਵ ਗੋਵਿੰਦ ਰੂਪ॥ ਜੀ ਦੇ ਸੱਚੇ ਮਿੱਠੇ ਪਰਉਪਕਾਰੀ ਚਰਨਕਮਲਾਂ (ਸੰਗਿ) ਨਾਲ ਲੱਗ ਕੇ ਸਦਾ (ਰਹੰਤੌ) ਰਹਿੰਦਿਆ ਗੁਰੂ ਸਾਹਿਬ ਜੀ

ਦੇ ਗਹਿਰ ਗੰਭੀਰ (ਗੁਣ) ਗੁਣਾਂ ਨੂੰ ਗਾ ਕੇ (ਉਚਰੈ) ਉਚਾਰਦਾ ਹੈ। ਯਥਾ:- ਸੁਣਿ ਭਰਥਰਿ; ਨਾਨਕੁ ਕਹੈ ਬੀਚਾਰੁ॥ ਨਿਰਮਲ ਨਾਮੁ; ਮੇਰਾ ਆਧਾਰੁ॥੮॥੧॥

ਦੂਰਬਾ ਪਰੂਰਉ ਅੰਗਰੈ; ਗੁਰ ਨਾਨਕ ਜਸੁ ਗਾਇਓ॥

ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਬ੍ਰਹਮਵਿੱਦਿਆ ਦੇ ਦਾਤੇ (ਦੂਰਬਾ) ਦੁਰਬਾਸਾ ਰਿਖੀ ਜੀ, ਗੁਰਮੁਖਿ ਰਾਜਾ (ਪਰੂਰਉ) ਪਰੂਰਵ ਜੀ, ਗੁਰਮੁਖਿ ਅੰਗਰੈ ਰਿਖੀ ਜੀ ਨੇ ਭੀ ਪਰਮਪੂਜਨੀਕ (ਗੁਰ) ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦਾ ਮਹਾਂ ਵਿਸਮਾਦ ਜਸੁ (ਗਾਇਓ) ਗੌਣਾ ਕੀਤਾ ਜੀ ਰਾਮ ਜੀ!

ਕਬਿ ਕਲ. ਸੁਜਸੁ ਨਾਨਕ ਗੁਰ; ਘਟਿ ਘਟਿ ਸਹਜਿ ਸਮਾਇਓ॥੧੦॥

ਬ੍ਰਹਮ ਸਰੂਪ ਗੁਰਮੁਖਿ (ਕਬਿ) ਕਵੀ ਭੱਟ ਕਲ ਸਾਹਿਬ ਜੀ ਫ਼ੁਰਮੌਂਦੇ ਹਨ:- ਅਬਿਨਾਸੀ ਗੁਰ ਨਾਨਕ ਦੇਵ ਸਾਹਿਬ ਜੀ ਦਾ (ਸੁਜਸੁ) ਸ੍ਰੇਸਟ ਜਸ (ਘਟਿ ਘਟਿ) ਘਟਾਂ ਘਟਾਂ 'ਚ (ਸਹਜਿ) ਧੀਰਜ ਸਹਿਤ (ਸਮਾਇਓ) ਸਮਾਇਆ ਹੈ। ਭਾਵ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਨੂੰ ਸਭੈ ਘਟ. ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥) ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥) ਕੇਤੀਆ ਖਾਣੀ. ਕੇਤੀਆ ਬਾਣੀ; ਜਿਤਨੀ ਬਿਅੰਤ ਬ੍ਰਹਮੰਡ ਦੀ ਰਚਨਾ ਹੈ, ਸਾਰੀ ਧੰਨ ਗੁਰੂ ਨਾਨਕਦੇਵ ਸਾਹਿਬ ਜੀ ਨੂੰ ਗੌਂਦੀ ਜਾਪ ਕਰਦੀ, ਗੁਰਮੁਖਿ ਭੱਟ ਕਲ ਜੀ ਨੂੰ ਦਿਸ ਸੁਣ ਰਹੀ ਹੈ। ਵਾਹਿਗੁਰੂ ਨਿਰਗੁਨ ਬ੍ਰਹਮ ਜੀ, ਅਸੰਖ ਅਨੰਤ ਗੁਣਾਂ ਦੇ ਪ੍ਰਕਾਸ਼ ਨਿਰੰਕਾਰ ਹਰ ਪ੍ਰਾਣੀ ਦੇ ਅੰਦਰ ਬਾਹਰ ਜਾਪ ਕਰਦਿਆਂ, ਸਮੂੰਹ ਬ੍ਰਹਮੰਡਾਂ 'ਚ ਵਿਆਪਕ ਹੋ ਰਹੇ ਹਨ। ਬਿਅੰਤ ਬ੍ਰਹਮੰਡ ਦੀ ਰਚਨਾ, ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ ਅਪਣੇ ਨਿਰਗੁਨ ਸਰੂਪ ਜੀ ਤੋਂ ਪ੍ਰਗਟ ਕੀਤੀ ਹੈ। ਬਿਅੰਤ ਬ੍ਰਹਮੰਡ ਦੀ ਰਚਨਾ, ਉਨ੍ਹਾਂ 'ਚ ਵਸ ਰਹੀ ਹੈ, ਉਹ ਰਚਨਾ 'ਚ ਵਸਦੇ ਹਨ। ਬਿਅੰਤ ਬ੍ਰਹਮੰਡ ਦੀ ਰਚਨਾ, ਉਨ੍ਹਾਂ ਦੇ ਸਰਗੁਨ ਸਰੂਪ ਜੀ ਹਨ। ਸਰਗੁਨ ਸਰੂਪ ਦੇ ਪਸਾਰੇ 'ਚ, ਅਸੰਖ ਸੂਰਜ ਜਪਦੇ ਹਨ। ਅਸੰਖ ਧਰਤੀਆਂ ਦਾ ਕਿਣਕਾ ਕਿਣਕਾ, ਅਸੰਖ ਪਾਣੀ ਅਨੰਤ ਹਵਾਵਾਂ ਅਨੰਤ ਹੀ ਬ੍ਰਹਮਾ ਵਿਸ਼ਨੂੰ ਸਿਵ ਜੀ, ਅਸੰਖ ਭਗਤ ਹਰ ਸਮੇਂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੂੰ ਜੁਗੁ ਜੁਗੁ ਸਾਚਾ; ਹੈ ਭੀ ਹੋਸੀ॥ ਮੰਨ ਕੇ ਜਾਪ ਕਰਦੇ ਹਨ। ਬਿਅੰਤ ਬ੍ਰਹਮੰਡ ਦੀ ਰਚਨਾ ਬਿਅੰਤ ਬ੍ਰਹਮੰਡਾਂ 'ਚ ਵਸਣ ਵਾਲੇ ਜੀਅ ਜੰਤ, ਸਮੁੰਦ੍ਰ ਉਨ੍ਹਾਂ 'ਚ ਵਸਣ ਵਾਲੇ ਜੀਅ, ਸਾਰੀ ਰਚਨਾ ਮਹਾਰਾਜ ਸਾਹਿਬ ਜੀ ਦਾ ਜਾਪ ਕਰ ਰਹੀ ਹੈ।

ਯਥਾ:- ਜੋ ਜੋ ਰਚਿਓ; ਸੁ ਤਿਸਹਿ ਧਿਆਤਿ॥ ਬੇਅੰਤ ਗੁਰਮੁਖਿ ਪ੍ਰੇਮੀਂ ਬਿਅੰਤ ਬ੍ਰਹਮੰਡ ਦੀ ਰਚਨਾ 'ਚ ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥) ਇਕਿ ਨਿਰੰਕਾਰੀ; ਨਾਮ ਆਧਾਰਿ॥ ਅਨੁਸਾਰ ਹਰ ਵੇਲੇ ਜਾਪ ਕਰਦੇ ਹਨ। ਧੰਨ ਹਨ ਧੰਨ ਹਨ ਧੰਨ ਹਨ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਧੰਨ ਹਨ!

ਗੁਰਪ੍ਰਸਾਦਿ ਵਾਹਿਗੁਰੂ ਬ੍ਰਹਮ ਸਰੂਪ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਮਹਾਂ ਵਿਸਮਾਦ ਸਵਈਏ ਸੰਪੂਰਨੰ ਜੀ ਰਾਮ ਜੀ। ਗੁਰਪ੍ਰਸਾਦਿ॥

ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ, ਪਤੀ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥